# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਦੀ ਸੇਵਾ ਵਿਚ ਚਿੱਠੀ

[ ਪੁਸਤਕ " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਦੇ ਤੀਜੇ ਭਾਗ ਦੇ ਖਰੜੇ ਵਿਚੋਂ)

ਸੱਚ ਦੇ ਸਰਬਉੱਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੀਆਂ ਕੁਰੀਤਿਆਂ ਵੱਲ ਧਿਆਨ ਦਿਵਾਉਣ ਲਈ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ, ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਦੀ ਸੇਵਾ ਵਿਚ ਫਿਰ S.G.P.C. ਦੇ ਸਕੱਤ੍ਰ ਸਾਹਿਬ ਦੀ ਸੇਵਾ ਵਿਚ ਅਤੇ ਫਿਰ ਸ੍ਰੀ ਅਕਾਲਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਜੀ ਦੀ ਸੇਵਾ ਵਿਚ ਚਿੱਠੀਆਂ ਲਿਖੀਆਂ ਪਰ ਕਿਤੋਂ ਕੋਈ ਹੁੰਗਾਰਾ ਨਾ ਭਰਿਆ ਗਿਆ। ਫਿਰ ਵਿਸਥਾਰ ਨਾਲ ਸਭ ਕੁਝ ਲਿਖਿਆ ਤੇ ਪਹਿਲਾਂ ਵਾਂਗ ਡਬਲ ਰਹਿਸਟਰੀ ਲਫ਼ਾਫ਼ੇ ਦੁਆਰਾ ਇਹ ਚਿੱਠੀ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਸੇਵਾ ਵਿਚ ਪੁਚਾ ਦਿੱਤੀ। ਕਰੀਬ ਕੁੱਝ ਦਿਨਾਂ ਬਾਅਦ ਅੰਮ੍ਰਿਤਸਰੋਂ ਉਚੇਚਾ ਫ਼ੋਨ ਆਇਆ ਕਿ ਟੌਹੜਾ ਸਾਹਿਬ ਜੀ ਨੇ ਇਸ ਚਿੱਠੀ ਦੇ ਉਤਾਰੇ ਕਰਵਾ ਕੇ, ਧਰਮ ਪਰਚਾਰ ਕਮੇਟੀ ਸਮੇਤ ਹੋਰ ਸੰਬੰਧਤ ਸੇਵਾਦਾਰਾਂ ਨੂੰ ਦੇ ਕੇ ਚਿੱਠੀ ਦਾ ਉੱਤਰ ਤਿਆਰ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਚਿਰਾਂ ਤੋਂ ਅਰੰਭੇ ਯਤਨ ਸਫ਼ਲ ਹੋਣ ਦੀ ਆਸ ਬੱਝਣ ਤੇ ਪ੍ਰਸੰਨਤਾ ਹੋਣੀ ਕੁਦਰਤੀ ਗੱਲ ਸੀ। ਆਸ ਦੀ ਨਿੰਮ੍ਹੀ ਜਿਹੀ ਮੋਮਬੱਤੀ ਜਗ ਪਈ ਕਿ ਹੁਣ ਜਦ ਕੁਰੀਤੀਆਂ ਦਾ ਕੱਚਾ ਚਿੱਠਾ ਸ਼੍ਰੋਮਣੀ ਜਥੇਦੇਾਰ ਸਾਹਿਬ ਦੇ ਧਿਆਨ ਵਿਚ ਆ ਗਿਆ ਹੈ ਤਾਂ ਕੁਝ ਨ ਕੁਝ ਸੁਧਾਰ ਵੀ ਸ਼ਾਇਦ ਹੋ ਹੀ ਜਾਵੇ ? ਪਰ ਤਿਆਰ ਹੋ ਰਹੇ ਉਸ ਉੱਤਰ ਦੀ ਉਡੀਕ ਅੱਜ ੧੨ ਅਪ੍ਰੈਲ ੧੯੯੭ ਤੱਕ ਨਾ ਮੁੱਕੀ ਅਤੇ ਨਾ ਹੀ ਸ਼ਾਇਦ ਕਦੇ ਮੁੱਕਣੀ ਹੈ। ਚਿੱਠੀ ਦਾ ਉਤਾਰਾ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹੈ :--

**੧ੴ ਸਤਿਗੁਰ ਪ੍ਰਸਾਦਿ**

**ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥**
**ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥ ੩ ॥**

**[ਖੁਲ੍ਹੀ ਚਿੱਠੀ] Dated-Feb:20,1996** **੧ੴ ਸਤਿਗੁਰ ਪ੍ਰਸਾਦਿ॥**

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥**

ਸ੍ਰੀ ਮਾਨ ਗੁਰਚਰਨ ਸਿੰਘ ਟੋਹੜਾ ਪ੍ਰਧਾਨ ਸ਼੍ਰੋਮਨੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ,

ਵਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥

ਹਰ ਇੱਕ ਗੁਰਸਿੱਖ ਦਾ ਧਰਮ ਬਣਦਾ ਹੈ ਕਿ ਉਹ ਆਪਣੀ ਜਿੰਦਗੀ ਦੀ " ਗ਼ਮੀਂ " ਅਤੇ " ਖ਼ੁਸ਼ੀ " ਨੂੰ ਗੁਰੂ ਪੰਥ ਦੇ " ਹਾਣ " ਅਤੇ " ਲਾਭ " ਨਾਲ ਜੋੜੀ ਰੱਖੇ। ਖਾਲਸਾ ਪੰਥ ਦੀ ਚੜ੍ਹਦੀ ਕਲਾ, ਹਰ ਇੱਕ ਗੁਰਸਿੱਖ ਦੀ ਨਿੱਜੀ ਪ੍ਰਸੰਤਾ ਦਾ ਸਾਧਨ ਹੋਵੇ, ਅਤੇ ਪੰਥ ਵਿਚ ਆਇਆ " ਢਹਿੰਦੀ ਕਲਾ ਦਾ ਸਮਾ " ਹਰ ਗੁਰਸਿੱਖ ਲਈ ਪਸ਼ੇਮਾਨੀ ਭਰੀ ਚਿੰਤਾ ਦਾ ਕਾਰਨ ਬਣ ਜਾਣਾ ਚਾਹੀਦਾ ਹੈ। ਪੰਥ ਦੀ ਚੜ੍ਹਦੀ ਕਲਾ ਲਈ ਯਤਨ ਸ਼ੀਲ ਰਹਿੰਣਾ ਸਾਰੇ ਗੁਰੂ ਨਾਨਕ ਨਾਮ-ਲੇਵਾ ਨਰ ਨਾਰੀ ਦਾ ਫ਼ਰਜ਼ ਹੈ। ਹਰਿ ਇੱਕ ਗੁਰਸਿੱਖ ਦਾ ਨਿੱਜੀ ਆਚਰਨ ਅਤੇ ਨਿੱਜੀ ਜੀਵਨ-ਜੁਗਤ, ਪੂਰੇ ਪੰਥ ਦੀ ਸੋਭਾ ਅਥਵਾ ਕੁ-ਸੋਭਾ ਦਾ ਮੂਲ ਹੈ। ਸਰਬਲੋਹ ਗ੍ਰੰਥ ਦੇ ੪੩੧-੩੨ ਸਫੇ ਵਾਲੀ ਕਵਿਤਾ ਵਿਚ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੁੜਿਆ ਇਹ ਬਚਨ ਬੜੀ ਵਡੀ ਮਹੱਤਤਾ ਵਾਲਾ ਹੈ:--

ਜਬ ਲਗ ਖ਼ਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿੱਪ੍ਰਨ ਕੀ ਰੀਤ ॥ ਮੈ ਨਾ ਕਰੌਂ ਇਨ ਕੀ ਪਰਤੀਤ ॥

ਸਤਿਗੁਰਾਂ ਦੇ ਬਚਨਾਂ ਅਨੁਸਾਰ, ਖ਼ਾਲਸਾ ਜੀ ਕੋਲ ਨਿਆਰੀ ਆਨ-ਸ਼ਾਨ ਵਾਲਾ ਰਾਜ ਭਾਗ ਕੇਵਲ ਓਨਾ ਚਿਰ ਹੀ ਰਹਿਣਾ ਸੀ, ਜਿੰਨਾਂ ਚਿਰ **ਖ਼ਾਲਸੇ ਦੀ ਮਰਯਾਦਾ " ਗੁਰੂ-ਮਤਿ ਅਨੁਸਾਰ** " ਅਤੇ **ਖ਼ਾਲਸੇ ਦਾ ਆਚਰਨ**, ਨਿਆਰੇ (ਸ਼ੁਭ-ਗੁਣਾ ਵਾਲਾ) ਰਹਿਣਾ ਸੀ। ਸਤਿਗੁਰਾਂ ਦੀ ਦੂਜੀ, ਅਤੇ ਕਰੜੀ ਤਾੜਨਾ, ਇਹ ਸੀ, ਕਿ, ਜੇ ਬਿੱਪ੍ਰਨ ਕੀ ਰੀਤ, ਕਿਸੇ ਪੱਖੋਂ ਵੀ, ਸਿੱਖ ਪੰਥ ਵਿਚ ਆ ਵੜੀ, ਤਾਂ ਪੰਥ ਨੇ (ਤੇਜ ਪ੍ਰਤਾਪ ਗੁਆ ਲੈਣ ਦੇ ਨਾਲ) ਸਤਿਗੁਰੂ ਜੀ ਦੀ ਨਜ਼ਰਾਂ ਵਿਚ, ਬੇਪ੍ਰਤੀਤਾ ਵੀ ਹੋ ਜਾਣਾ ਹੈ। ਅਤੇ ਜਦੋ ਕੋਈ ਮਨੁੱਖ-- " **ਆਪਨੀ ਪਰਤੀਤਿ ਆਪ ਹੀ ਖੋਵੈ ॥** ਤਦੋ ਫਿਰ ?-- **ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ "**। ਸ਼ਕਤੀ-ਸ਼ਾਲੀ ਖ਼ਾਲਸਾ-ਰਾਜ-ਭਾਗ ਦੇ ਖ਼ੁੱਸ ਜਾਣ ਵਾਲੇ ਦਿਨ ਤੋਂ ਹੀ, ਪੰਥ ਦੇ ਜਥੇਦਾਰ ਸਾਹਿਬ ਨੂੰ ਇਹ ਚਿੰਤਾ ਲੱਗ ਜਾਣੀ ਚਾਹੀਦੀ ਸੀ ਕਿ, ਆਪਣੇ ਤੇਜ ਪ੍ਰਤਾਪ ਤੋਂ " ਹੱਥ ਧੋ ਲੈਣ " ਦਾ ਸਿੱਧਾ ਅਤੇ ਸਪੱਸ਼ਟ ਅਰਥ ਇਹੀ ਹੈ ਕਿ, (ਉਪ੍ਰੋਕਤ ਗੁਰੂ-ਬਚਨਾਂ ਅਨੁਸਾਰ) ਹੁਣ ਇਹ ਖ਼ਾਲਸਾ ' ਨਿਆਰੇ ਆਚਰਨ ਵਾਲਾ " ਬਿਲਕੁਲ ਨਹੀਂ ਰਿਹਾ। ਅਤੇ ਇਹ ਚਿੰਤਾ ਉਸ ਤੋਂ ਵੀ ਦੂਣੀ ਹੋ ਕੇ ਚੰਬੜ ਜਾਣੀ ਚਾਹੀਦੀ ਸੀ ਕਿ, " ਕਿਤੇ ਪੰਥ ਵਿਚ ਬਿੱਪ੍ਰਨ ਕੀ ਰੀਤ ਵੀ ਤਾਂ ਨਹੀਂ ਆ ਵੜੀ ? ਆਪਣੀ ਨਿਆਰਾ ਆਚਰਨ ਗੁਆ ਲੈਣ ਦੇ ਨਾਲ ਕਿਤੇ ਅਸੀਂ, ਸਤਿਗੁਰਾਂ ਦੀਆਂ ਨਜ਼ਰਾਂ ਵਿਚ, ਬੇਪਰਤੀਤੇ ਵੀ ਤਾਂ ਨਹੀਂ ਹੋ ਗਏ ਹੋਏ ?

੧੯੮੪ ਦੇ ਭਾਣਿਆਂ ਤੋਂ ਪਿੱਛੋਂ, ਸ੍ਰੀ ਗੁਰੂ ਨਾਨਕ ਜੀ ਦੀ ਪ੍ਰੇਰਨਾ ਦਾ ਸਦਕਾ, ਦਾਸ ਨੇ ਦਸ਼ਮੇਸ਼ ਜੀ ਦੇ (ਉਪ੍ਰੋਕਤ) ਬਚਨਾਂ ਦੇ ਅਧਾਰ ਤੇ--

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਆਪੇ ਦੀ ਪੜਤਾਲ ਕਰਨੀ ਅਰੰਭ ਕਰ ਦਿੱਤੀ । ਇਹ " ਬਿੱਪ੍ਰ " ਕੌਣ ਹੈ ਅਤੇ ਉਸ ਦੀ ਉਹ ਚੰਦਰੀ " ਰੀਤ " ਕਿਹੜੀ ਹੈ, ਜਿਸ ਨੇ ਖ਼ਾਲਸਾ ਜੀ ਨੂੰ ਆਪਣੇ ਗੁਰੂ ਦੀਆਂ ਨਜ਼ਰਾਂ ਵਿਚ ਬੇਪ੍ਰਤੀਤਾ ਬਣਾ ਦੇਣਾ ਸੀ ? ਸਿੱਖ ਇਤਿਹਾਸ ਦੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਡੂੰਗੇ ਅਧੈਨ ਤੋਂ ਅਤੇ ਬਿੱਪ੍ਰੀ ਗ੍ਰੰਥ ਪੜ੍ਹਨ ਤੋਂ ਤਸੱਲੀ ਹੋ ਗਈ, ਕਿ, ਖ਼ਾਲਸਾ ਪੰਥ " ਨਾ ਹੀ ਮਰਯਾਦਾ ਵਲੋਂ ਅਤੇ ਨਾ ਹੀ ਆਚਰਨ ਵਲੋਂ ਨਿਆਰਾ ਰਿਹਾ ਹੈ ।

ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕੋੜਿਆਂ ਦੀ ਸਜ਼ਾ ਸੁਣਾਉਣ ਵਾਲੇ ਪੰਥ ਦੇ ਜਥੇਦਾਰ ਨੂੰ, ਉਸੇ ਵੇਲੇ ਹੀ ਸੁਚੇਤ ਹੋ ਜਾਣਾ ਚਾਹੀਦਾ ਸੀ ਜਦ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚਲੇ ਸ਼ੀਸ਼-ਮਹਿਲਾਂ ਦੇ ਨੇੜੇ, (ਮਹਾਰਾਜਾ ਸਾਹਿਬ ਦੀ ਕਾਮ-ਵਾਸਨਾਂ ਨੇ) ਮੂਰਤੀ ਪੂਜਾ ਲਈ ਮੰਦਰ ਬਣਵਾ ਲਿਆ ਸੀ । ਪੰਥ ਦੇ ਧਾਰਮਿਕ ਜਥੇਦਾਰ ਦੇ ਪੈਰਾਂ ਹੇਠੋਂ ਧਰਤੀ ਉਸੇ ਦਿਨ ਖਿਸਕ ਜਾਂਦੀ, ਜਦ ਖ਼ਾਲਸਾ ਜੀ ਦੇ ਰਾਜ ਮਹਿਲਾਂ ਵਿਚ ਸ਼ਰਾਬ ਅਫ਼ੀਮ ਦੇ ਦੌਰ ਚੱਲਣ ਲੱਗ ਪਏ ਸਨ । " ਯਥਾ ਰਾਜਾ ਤਥਾ ਪਰਜਾ " ਵਾਲਾ ਭਾਣਾ ਵਰਤ ਚੁੱਕਾ, ਸਮਝ ਲੈਣ ਦੀ ਲੋੜ ਸੀ । ਪਰ ਸ਼ੋਕ, ੧੮੩੯ ਦੇ ਮਗਰੋਂ ਵਰਤਣੇ ਅਰੰਭ ਹੋਏ ਭਾਣਿਆਂ ਦੇ ਸਮੇਂ ਵੀ, ਪੰਥ ਦੇ ਜਥੇਦਾਰ ਸਾਹਿਬ ਨੇ, ਸਤਿਗੁਰਾਂ ਦੇ ਬਚਨਾਂ ਦੀ ਅਸਲ ਭਾਵਣਾ ਨੂੰ ਸਮਝ ਕੇ ਆਪਣੇ ਅੰਦਰ ਆ ਚੁੱਕੀ ਘਾਟ ਵੱਲ ਧਿਆਨ ਨਾ ਦਿੱਤਾ । ਖ਼ਾਲਸਾ ਜੀ ਦੀ Leadership ਨੇ ਆਪਣੇ ਅੰਦਰ ਆ ਚੁਕੀਆਂ ਕਮਜ਼ੋਰੀਆਂ ਵੱਲ ਧਿਆਨ ਮਾਰਨ ਦੇ ਸ਼ੁੱਭ ਗੁਣ ਨੂੰ ਸਗੋਂ ਆਪਣੀ ਹੇਠੀ ਵਾਲਾ ਔਗਣ ਮੰਨ ਲਿਆ, ਅਤੇ ਆਪਣੀਆਂ ਹਾਰਾਂ ਦੀ ਜ਼ਿਮੇਵਾਰ, ਸਦਾ ਦੂਜਿਆਂ ਦੇ ਸਿਰ ਮੜ੍ਹੀ ਰੱਖਣੀ, ਆਪਣੀ ਮਰਯਾਦਾ ਬਣਾ ਲਈ । ਆਪਣੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮੰਨਾਂ ਵੱਲ ਧਿਆਨ ਦੇਣ ਦਾ ਪੰਥਕ ਲੀਡਰ ਕੋਲ ਸਮਾਂ ਹੀ ਨਾ ਰਿਹਾ । ਗੁਰੂ ਹੁਕਮਾਂ ਦੀ ਸਿਆਸੀ ਵਰਤੋਂ ਕਰ ਲੈਣ ਨੂੰ ਆਪਣਾ ਹੱਕ ਮਨ ਕੇ, ਏਸ ਦੁਖਦਾਈ ਦੋਸ਼ ਨੂੰ ਸਗੋਂ " ਗੁਰਮਤਿ " ਮੰਨ ਬੈਠਾ । ਗੁਰੂ ਫ਼ੁਰਮਾਨਾ ਤੋਂ ਮਿਲਦੀ ਮਤਿ ਅਨੁਸਾਰ, ਜੀਵਨ ਢਾਲ ਲੈਣ ਦੀ ਲੋੜ ਮੁਕਾ ਦਿੱਤੀ---**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨਾ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥ ੬ ॥** ਸਿਖ ਨੂੰ ਤਾਂ ਇਸ ਪੱਖੋਂ ਕਿਸੇ ਸਮੇਂ ਵੀ ਅਵੇਸਲਾ ਨਹੀਂ ਹੋਣਾ ਚਾਹੀਦਾ, ਕਿ, ' ਕਿਤੇ ਮੇਰੇ ਅੰਦਰ, ਕੋਈਂ ਆਚਰਨਕ ਜਾਂ ਮਾਨਸਕ, ਘਾਟ ਤਾਂ ਨਹੀਂ ਆ ਬਿਰਾਜੀ ? ਪੰਥਕ ਲੀਡਰ ਨੇ ' ਆਪੇ ਦੀ ਪੜਤਾਲ " ਕਰਨ ਵਲ ਆਪਣਾ ਮੁਹਾਣਾ ਨਾ ਮੋੜਿਆ-- **ਸੋ ਬਉਰਾ, ਜੋ ਆਪੁ ਨ ਪਛਾਨੈ** ॥[੮੫੫] ਜੇ ਏਹੀ ਹਾਲਤ ਰਹੀ ਫਿਰ ਮੋੜਾ ਖਾਣਾ ਤਾਂ ਦੂਰ ਦੀ ਗੱਲ ਹੈ, **ਤੇਜ-ਪ੍ਰਤਾਪ ਨੇ** ਸਗੋਂ ਦਿਨੋ ਦਿਨ ਦੂਰ ਤੋਂ ਦੂਰ ਹੀ ਤੁਰਿਆ ਜਾਣਾ ਹੈ । ਇਸ ਤਰ੍ਹਾਂ ਦੇ ਖ਼ਿਆਲਾਂ ਨੇ ਦਿਲ ਦਿਮਾਗ਼ ਨੂੰ ਘੇਰ ਲਿਆ । ਚੈਨ ਜਾਂਦਾ ਰਿਹਾ।

ਪਤਾ ਕਰਨਾ ਅਰੰਭਿਆ ਕਿ ਬਿੱਪ੍ਰਨ ਕੀ ਰੀਤ ਪੰਥ ਵਿਚ ਕਿਨ੍ਹਾਂ ਘੁਰਨਿਆਂ ਰਾਹੀਂ ਆ ਵੜੀ ਹੈ ? ਅਜੇਹੇ ਸਾਧਨ ਕਿਹੜੇ ਹਨ ਜਿਨ੍ਹਾਂ ਦੁਆਰਾ ਵੈਰੀ ਪੰਥ ਨੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣਾਈ ਤੁਰਿਆ ਜਾ ਰਿਹਾ ਹੈ ? ਏਸੇ ਸੰਬੰਧ ਵਿਚ, ਪ੍ਰੋਫੈਸਰ ਦਰਸ਼ਨ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ੧੯੮੮ ਵਿਚ ਚਿੱਠੀ ਲਿਖੀ, ਫਿਰ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੂੰ, ਭਾਈ ਹਰਿੰਦਰ ਸਿੰਘ ਸਕੱਤਰ S.G.P.C ਅੰਮ੍ਰਿਤਸਰ ਸਾਹਿਬ, ਪ੍ਰੋ: ਮਨਜੀਤ ਸਿੰਘ ਜੀ, ਮੌਜੂਦਾ ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿਚ, ਅਤੇ ਫਿਰ ਭਿੰਡਰਾਂ ਵਾਲਿਆਂ ਦੀਆਂ ਦੋਹਾ ਟਕਸਾਲਾਂ ਨੂੰ ਚਿੱਠੀਆਂ ਲਿਖੀਆਂ । ਪਰ ਕਿਸੇ ਪ੍ਰਕਾਰ ਦੀ ਸੇਧ ਦੇਣ ਦੀ ਖੇਚਲ, ਕਿਸੇ ਨਾ ਕੀਤੀ । ਸਤਿਗੁਰਾਂ ਨੇ ਦਾਸ ਦੇ ਸਿਰ ਤੇ ਹੱਥ ਰਖਿਆ । ਬਿੱਪ੍ਰ ਅਤੇ ਉਸ ਦੀ ਰੀਤ ਦੀ ਅਸਲੀਅਤ ਨੰਗੀ ਕਰਨ ਦੇ ਨਾਲ, ਪੰਥ ਨੂੰ, ਅਨੂਪਮ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਸੁਨੇਹਾ ਪੁਚਾ ਕੇ, ਸੁਚੇਤ ਕਰਨ ਦੇ ਯਤਨਾਂ ਵਿਚ ਪੁਸਤਕ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਲਿਖਣੀ ਅਰੰਭੀ । ਪਹਿਲਾ ਭਾਗ ਛਪ ਕੇ ਲਗ ਪਗ ਵਿਕ ਗਿਆ ਹੈ । ਪਹਿਲੇ ਭਾਗ ਦੀ ਦੂਜੀ ਐਡੀਸ਼ਨ ਦੇ ਨਾਲ, ਇਸ ਵਿਸ਼ਾਲ ਪੁਸਤਕ ਦੇ ਬਾਕੀਆਂ ਵਿਚੋਂ, ਕੁਝ ਹੋਰ ਹਿਸਿਆਂ ਦੀ ਛਪਾਈ ਕਰਵਾਉਣ ਦੀ ਤਿਆਰੀ ਵੀ ਸਿਰੇ ਚੜ੍ਹ ਚੁੱਕੀ ਹੈ ।

ਉਪ੍ਰੋਕਤ ਪੁਸਤਕ ਦੇ ਪਹਿਲੇ ਭਾਗ ਵਿਚ ਪ੍ਰੋਫੈਸਰ ਦਰਸ਼ਨ ਸਿੰਘ ਜੀ ਨੂੰ ਲਿਖੀ ਚਿੱਠੀ, ਛਪ ਚੁੱਕੀ ਹੈ । ਪੁਸਤਕ " **ਮਾਸੁ ਮਾਸੁ ਕਰੁ ਮੂਰਖੁ ਝਗੜੇ** " ਵਿਚ ਭਿੰਡਰਾਂ ਵਾਲਿਆਂ ਦੇ ਨਾਮ ਲਿਖੀ ਚਿੱਠੀ ਵੀ ਛਪ ਰਹੀ ਹੈ । ਹਥ ਵਿਚਲੀ ਇਸ ਚਿੱਠੀ ਤੋਂ ਪਹਿਲੀਆਂ ਸਾਰੀਆਂ ਚਿਠੀਆਂ ੧੯੯੩ ਤੋਂ ਪਹਿਲਾਂ ਦੀਆਂ ਹਨ । ਭਾਵੇਂ ਤੁਸੀਂ ਉਹ ਚਿੱਠੀਆਂ ਦਫ਼ਤਰਾਂ ਵਿਚੋਂ ਵੀ ਮੰਗਵਾ ਕੇ ਪੜ੍ਹ ਸਕਦੇ ਹੋ, ਫਿਰ ਵੀ ਉਨ੍ਹਾਂ ਚਿਠੀਆਂ ਵਿਚ ਜੋ ਲਿਖਿਆ ਜਾਂਦਾ ਰਿਹਾ ਹੈ, (ਆਪ ਜੀ ਦੀ ਸਹੂਲਤ ਲਈ), ਉਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:--

(੧) ਗੁਰੂ ਘਰਾਂ ਵਿਚ ਅਥਵਾ ਸਿੱਖ ਪੰਥ ਵਿਚ ਵਾੜੀ ਜਾ ਰਹੀ ਬਿੱਪ੍ਰਨ ਕੀ ਰੀਤ ਦਾ ਸੰਖੇਪ ਵੇਰਵਾ,

(੨) ਇਨ੍ਹਾਂ ਚਿਠੀਆਂ ਦਾ ਸਭ ਤੋਂ ਵੱਡਾ ਦੁਖਦਾਈ ਪੱਖ ਇਹ ਹੈ, ਕਿ, ਉਨ੍ਹਾਂ ਵਿਚ-- (੧)- ਪੰਥਕ ਸਿੱਖ ਰਹਿਤ ਮਰਯਾਦਾ ਦੀ ਖੰਡਨਾਂ, (੨)--ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੱਸ਼ਟ ਫ਼ੁਰਮਾਨਾਂ ਦੀ ਉਲੱਙਣਾਂ, (੩)--ਗੁਰੂ ਕੇ ਲੰਗਰ ਦੀ ਗੁਰੂ-ਮਰਯਾਦਾ ਦਾ ਦੁਖਦਾਈ ਖੰਡਨ (੪) ਪ੍ਰਬੰਧਕਾਂ ਵਿਚ ਆ ਵੜੀ ਆਚਰਨਕ ਹੀਣਤਾ, ਆਦਿ, ਜਿਹੇ ਘੋਰ ਅਨਰਥ " ਸਿਖੀ ਦੇ ਸਰਬ-ਉੱਚ ਧਰਮ ਅਸਥਾਨ, ਸ੍ਰੀ ਹਰਮੰਦਰ ਸਾਹਿਬ ਤੋਂ ਹੀ ਅਰੰਭ ਹੋ ਚੁੱਕੇ ਹੋਣ ਦਾ ਵੇਰਵਾ ਲਿਖਣਾ ਪੈ ਰਿਹਾ ਹੈ ।

## ਆਪ ਜੀ ਦੇ ਧਿਆਨ ਗੋਚਰੇ ਵਿਸ਼ੇ---

ਕੇਵਲ ਇੱਕ ਅਕਾਲ ਦੇ ਪੁਜਾਰੀ ਹੋਣ ਦੀ ਨਿਆਰੀ ਗੁਰੂ-ਮਰਯਾਦਾ, ਬਿੱਪ੍ਰ ਨੂੰ ਮੂਲੋਂ ਨਹੀ ਸੀ ਭਾਈ । ਸਿੱਖੀ ਸਿਧਾਂਤ ਦੇ ਇਸ ਵੈਰੀ ਨੇ, ਨਿਆਰੇ ਖ਼ਾਲਸੇ ਨੂੰ, ਇੱਕ ਦੇ ਥਾਂ ਅਨੇਕਤਾ ਦਾ ਪੁਜਾਰੀ ਬਣਾ ਕੇ, (ਕੇਵਲ ਇੱਕ ਦਾ ਪੁਜਾਰੀ ਹੋਣ ਵਾਲੇ ਪੱਕੇ) ਗੁਰਮਤਿ ਸਿਧਾਂਤ ਨੂੰ ਦੂਸ਼ਤ ਕਰ ਦੇਣ ਦੀ ਯੋਜਨਾ ਘੜ ਲਈ । ਖ਼ਾਲਸੇ ਨੂੰ ਬ੍ਰਾਹਮਣੀ ਰੀਤਾਂ ਦਾ ਧਾਰਨੀ ਬਣਾ ਦੇਣ ਲਈ, ਉਦਾਸੀ-ਸਾਧੂਆਂ, ਨਿਰਮਲਿਆਂ ਅਥਵਾ ਸੰਪ੍ਰਦਾਈਆਂ, ਅਥਵਾ ਮਹੰਤ-ਪੁਜਾਰੀਆਂ ਨੇ ਸੁਮਲਿਤ ਯਤਨਾ ਨਾਲ ਸਿੱਖੀ ਦੇ ਧਰਮ ਅਸਥਾਨਾ ਵਿਚ ਬਿੱਪ੍ਰਨ ਕੀ ਰੀਤ ਦੇ ਬੀ ਬੀਜ ਦਿੱਤੇ । ਬਾਹਰ ਦੀ ਗੱਲ ਤਾਂ ਕਰਨੀ ਹੀ ਕੀ ਹੈ, ਬਹੁਤੀ ਦੁਖਦਾਈ ਸਥਿਤੀ ਇਹ ਬਣ ਰਹੀ ਹੈ, ਕਿ, ਵੈਰੀਆਂ ਦੇ ਲਾਏ ਜ਼ਹਿਰੀਲੇ ਬੂਟੇ ਨੂੰ ਪਰਫੁੱਲਤ ਹੋਣ ਤੋਂ ਰੋਕਣ ਦੇ

ਥਾਂ, ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰ, ਅਥਵਾ, ਸ੍ਰੀ ਹਰਮੰਦਰ ਸਾਹਿਬ ਜੀ ਦੇ ਪ੍ਰਬੰਧਕ, ਉਸ ਨੂੰ ਪਾਲ ਪੋਸ ਕੇ ਅਜੇਹਾ **ਤਕੜਾ ਰੁੱਖ** ਬਣਾ ਰਹੇ ਹਨ, ਕਿ ਜਿਸ ਦੇ ਘਾਤਕ ਫਲਾਂ ਤੋਂ ਗੰਭੀਰ ਸਿਟਿਆਂ ਦੀਆਂ ਪ੍ਰਗਟ--ਨਿਸ਼ਾਨੀਆਂ ਦਿਨੋਂ ਦਿਨ ਵਧਦੀਆਂ ਜਾ ਰਹੀਆਂ ਹਨ । ਵੇਰਵਾ ਇਸ ਪ੍ਰਕਾਰ ਹੈ:--

**੧=** S.G.P.C. ਦੀ ਦੇਖ-ਰੇਖ ਹੇਠ ਤਿਆਰ ਹੋ ਕੇ ਜਾਰੀ ਕੀਤੀ ਗਈ " ਸਿੱਖ ਰਹਿਤ ਮਰਯਾਦਾ " ਦੇ ੧੫ ਸਫ਼ੇ ਤੋਂ ਅਰੰਭ ਹੋ ਕੇ ਤਾਕੀਦ ਕੀਤੀ ਗਈ ਹੈ ਕਿ ਹਰ ਇੱਕ ਸਿੱਖ ਪਰਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਰਹਿਣਾ ਚਾਹੀਦਾ ਹੈ । ਹਰ ਇਕ ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਨਿਤ ਹੀ ਨੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਪ ਪਾਠ ਕਰੇ ਜਾਂ ਸੁਣੇ । ਮਰਯਾਦਾ-ਖਰੜੇ ਦੇ ੧੬ ਸਫ਼ੇ ਤੇ ਜੀਆਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ, ਆਪ ਕਰਨ ਦੀ ਜਾਂ ਬੈਠ ਕੇ ਸੁਣਨ ਦੀ ਤਾਕੀਦ ਲਿਖੀ ਹੈ । ਬਚਨਾਂ ਦੇ ਲਿਖਣ ਢੰਗ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਸਹਿਜ ਪਾਠ ਜਾਂ ਅਖੰਡ ਪਾਠ, ਨਾ ਆਪ ਕਰਨ ਵਾਲੀ ਅਤੇ ਨਾ ਹੀ ਬੈਠ ਕੇ ਸੁਣਨ ਵਾਲੀ ਰੁਚੀ ਨੂੰ, ਗੁਰੂ ਪੰਥ ਨੇ, ਗੁਰਬਾਣੀ ਦੀ ਨਿਰਾਦਰੀ ਮੰਨਿਆਂ ਹੈ । ਪੰਥ ਵਲੋਂ ਬਣੀ ਇਸ ਮਰਯਾਦਾ ਤੇ ਚਲੱਣ ਦਾ ਉਪਦੇਸ਼ ਦੇਣ ਦੀ ਲੋੜ ਨੂੰ ਮੁਕਾ ਕੇ, ਸ੍ਰੀ ਦਰਬਾਰ ਸਾਹਿਬ ਕਮੇਟੀ, ਅਗਿਆਨੀ ਅਤੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਕੋਲੋਂ ਮੰਨ ਆਈ ਮਾਇਆ ਲੈ ਕੇ ਪਾਠਾਂ ਦੀ ਅਗਾਊਂ Booking ਕਰਦੀ ਹੈ । ਅਜੇਹੇ ਪਾਠਾਂ ਦੀ ਲਿਸਟ ਏਡੀ ਲੰਮੀ ਹੁੰਦੀ ਹੈ ਕਿ ਜਦੋਂ ਤਾਂਈ ਪਾਠ ਦੀ ਵਾਰੀ ਆਉਂਦੀ ਹੈ ਉਸ ਵੇਲੇ ਤਾਈਂ Book ਕਰਵਾਉਂਣ ਵਾਲੇ ਸ਼ਰਧਾਲੂ ਨੂੰ ਕਈ ਵਾਰੀ, ਰਖਾਏ ਪਾਠ ਦਾ ਚੇਤਾ ਹੀ ਭੁੱਲ ਚੁੱਕਾ ਹੁੰਦਾ ਹੈ । ਅਜੇਹੇ ਬੁਕ ਕੀਤੇ ਪਾਠਾਂ ਦੇ ਕਰਨ ਵਾਲੇ ਘਰ ਵਾਲੇ ਨਹੀਂ, ਸਗੋਂ ਕਮੇਟੀ ਵਲੋਂ ਰੱਖੇ, ਪੇਸ਼ਾਵਰ ਪਾਠੀ ਹੁੰਦੇ ਹਨ । ਹਰਮੰਦਰ ਸਹਿਬ ਜੀ ਦੀ ਉਤਲੀਆਂ ਛੱਤਾਂ ਤੇ, ਸ੍ਰੀ ਅਕਾਲ ਤਖ਼ਤ ਸਾਹਿਬ ਤੇ, ਦੁਖਭੰਜਣੀ ਬੇਰੀ ਤੇ, ਮੰਜੀ ਸਾਹਿਬ, ਅਥਵਾ ਪ੍ਰਕਰਮਾਂ ਵਿਚ ਬਣੇ ਕੋਠਿਆਂ ਵਿਚ, ਥਾਂ ਥਾਂ ਬੈਠੇ, ਅਜੇਹੇ ਭਾੜੇ ਤੇ ਰੱਖੇ ਪਾਠੀ ਪਾਠ ਕਰ ਰਹੇ ਹੁੰਦੇ ਹਨ । ਨਿਰਸੰਦੇਹ ਉਨ੍ਹਾਂ ਪਾਠੀਆਂ ਦਾ ਧਿਆਨ ਪਾਠ ਵਾਲ ਘੱਟ ਅਤੇ ਘੜੀ ਦੀ ਸੂਈ ਵੱਲ ਵਧ ਹੁੰਦਾ ਹੈ, ਕਿ ਕਦੋਂ ਉਸ ਦੀ ਖ਼ਲਾਸੀ ਕਰਨ ਵਾਲਾ ਦੂਜਾ ਪਾਠੀ ਆ ਰਿਹਾ ਹੈ ? ਕੋਲ ਬੈਠ ਕੇ ਸੁਣਨਾ ਤਾਂ ਕਿਤੇ ਰਹਿ ਗਿਆ, ਵਿਚਾਰੇ ਘਰ ਦਿਆਂ ਨੂੰ ਚਿਤ ਚੇਤਾ ਵੀ ਨਹੀਂ ਹੁੰਦਾ ਕਿ ਸੈਂਕੜੇ, ਹਜ਼ਾਰਾਂ ਮੀਲਾਂ ਤੇ ਉਨ੍ਹਾਂ ਦੀ ਕਲਿਆਨ ਵਾਲਾ ਪਾਠ ਅਰੰਭ ਹੋ ਕੇ ਭੋਗ ਤੇ ਆ ਚੁੱਕਾ ਹੈ । ਫਿਰ ਪਾਠ ਦੇ ਭੋਗ ਸਮੇ ਆਏ ਮੁਖਵਾਕ ਦੇ ਉਤਾਰੇ ਵਾਲਾ, ਸ੍ਰੀ ਦਰਬਾਰ ਸਾਹਿਬ ਕਮੇਟੀ ਵਲੋਂ ਭੇਜਿਆ ਲਫ਼ਾਫ਼ਾ, ਅਚਨਚੇਤ ਹੀ ਸ਼ਰਧਾਲੂਆਂ ਦੇ ਘਰ ਜਾ ਪੁੱਜਦਾ ਹੈ । ਬੜੀ ਦੇਰ ਨਾਲ ਪੁਜਿਆਂ ਹੁਕਮਨਾਮੇ ਵਾਲਾ ਕਾਗ਼ਜ਼, ਬਹੁਤਿਆਂ ਲਈ ਰੱਦੀ ਦਾ ਟੁਕੜਾ ਹੀ ਹੋ ਨਿਬੜਦਾ ਹੈ ।

[ਇਹ ਵੀ ਸੁਣਿਆਂ ਹੈ, ਕਿ ਸ੍ਰੀ ਹਰਮੰਦਰ ਸਾਹਿਬ ਦੀ ਛੱਤ ਤੇ ਪ੍ਰਕਾਸ਼ਮਾਨ, ਹੱਥ ਲਿਖਤ ਬੀੜ ਤੇ ਪਾਠ ਕਰਾਉਣ ਦੀ ਸੱਭ ਤੋਂ ਵੱਧ ਫ਼ੀਸ ਹੈ, ਅਤੇ ਕਰਮ ਵਾਰ ਘਟਦੀ ਹੋਈ, ਪ੍ਰਕਰਮਾ ਵਿਚ ਕੀਤੇ ਜਾਣ ਵਾਲਿਆਂ ਗੁਰੂ-ਬਾਣੀ ਪਾਠਾਂ ਦੀ ਫ਼ੀਸ ਸੱਭ ਤੋ ਘਟ ਹੈ ? ਜੇ ਇਹ ਸੱਚ ਹੈ ਤਾਂ ਕੀ ਇਹ ਸਤਿਗੁਰਾਂ ਦਾ ਬੜਾ ਘਿਣਾਵਣਾ ਤ੍ਰਿਸਕਾਰ ਨਹੀਂ ਹੈ ਜੀ ? ਇਨ੍ਹਾਂ ਗੱਲਾਂ ਵੱਲ ਕੀ ਉਚੇਚਾ ਧਿਆਨ ਦੇਣ ਦੀ ਲੋੜ ਨਹੀਂ ਹੈ ਜੀ ?]

**ਸਿੱਖ ਕੌਮ ਦੇ ਬੇਤਾਜ ਬਾਦਿਸ਼ਾਹ, ਪਰਮ ਸਤਿਕਾਰ ਜੋਗ, ਟੌਹੜਾ ਸਾਹਿਬ ਜੀਓ !** ਕੀ ਆਪ ਜੀ ਹੇਠ ਲਿਖੇ ਕੁਝ ਸ਼ੰਕੇ ਦੂਰ ਕਰ ਸਕਣ ਦੀ ਕਿਰਪਾ ਕਰ ਸਕੋਗੇ, ਕਿ--

(ੳ) ਕੀ ਸਤਿਗੁਰੂ-ਬਾਣੀ ਦੇ ਪਾਠਾਂ ਦੀ ਅਜੇਹੀ booking ਕਰਨ ਨਾਲ ਅਤੇ ਪਾਠ ਕਰਵਾਏ ਜਾਣ ਦੇ ਉਪ੍ਰੋਕਤ ਢੰਗ ਨਾਲ ਸਿੱਖ ਰਹਿਤ ਮਰਯਾਦਾ ਦੀ ਘੋਰ ਖੰਡਨਾ ਕਰਨ ਦਾ ਉਤਸ਼ਾਹ, ਸ੍ਰੀ ਦਰਬਾਰ ਸਾਹਿਬ ਦੇ ਅੰਦਰੋਂ ਹੀ ਨਹੀਂ ਮਿਲ ਰਿਹਾ ਜੀ ? ਫਿਰ ਸਿੱਖ ਜਗਤ ਕੋਲੋਂ ਸਿੱਖ ਰਹਿਤ ਮਰਯਾਦਾ ਅਨੁਸਾਰ ਚੱਲਣ ਦੀ ਆਸ ਕਿਵੇ ਕੀਤੀ ਜਾ ਸਕਦੀ ਹੈ ?

(ਅ) ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪਾਠਾਂ ਦੀ ਅਜੇਹੀ Booking ਸਤਿਗੁਰਾਂ ਦੇ ਨਿਜ ਸਰਪੂ ਦੀ ਘੋਰ ਬੇਅਦਬੀ ਨਹੀਂ ਹੈ ਜੀ ? ਕੀ ਪਹਿਲੇ ਦਸ ਗੁਰੂ ਨਾਨਕ ਸਾਹਿਬਾਨ ਦੇ ਉਪਦੇਸ਼-ਭਾਸ਼ਨਾਂ ਦਾ ਪ੍ਰੋਗਰਾਮ, ਗੁਰੂ ਘਰ ਦੇ ਸੇਵਾਦਾਰ ਏਵੇਂ ਹੀ Book ਕਰਿਆ ਕਰਦੇ ਸਨ ? ਜੇ ਨਹੀ,ਂ ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (੧੧ਵੇਂ ਗੁਰੂ ਨਾਨਕ ਜੀ) ਦੀ ਘੋਰ ਬੇਅਦਬੀ ਕਿਸ ਕਾਰਨ? ਸਤਿਗੁਰਾਂ ਦੇ ਗੁਰਬਾਣੀ-ਰੂਪ ਬਚਨਾਂ ਦੀ ਅਡੋ ਅਡਰੀ ਫ਼ੀਸ ਰੱਖ ਕੇ, ਮਾਇਆ ਉਗਰਾਹੁਣ ਵਾਲੇ, ਕੀ, (ਦਸਾਂ ਗੁਰਾਂ ਦੀ ਜੋਤਿ) ੧੧ਵੇਂ ਗੁਰੂ ਨਾਨਕ, (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਹੀ ਸਿੱਖ ਹਨ? ਸ੍ਰੀ ਦਰਬਾਰ ਸਾਹਿਬ ਜੀ ਦੇ ਪ੍ਰਬੰਧਕ ਸੱਜਣ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਪ੍ਰਗਟ ਗੁਰਾਂ ਦਾ ਸਰੂਪ ਅਤੇ ਸਤਿਗੁਰਾਂ ਦੀ ਜਾਗਤ ਜੋਤਿ ਨਹੀਂ ਮੰਨਦੇ ਹਨ ਜੀ ? ਕੀ ਇਹ ਸੱਜਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਹਿੰਦੂਆਂ ਦੇ ਵੇਦਾਂ ਤੁਲ ਹੀ ਮੰਨਦੇ ਹਨ, ਜੋ ਮਾਇਆ ਦੇ ਵੱਟੇ ਗੁਰਬਾਣੀ ਦੇ ਮੰਤ੍ਰ-ਪਾਠ ਕਰਕੇ ਲੋਕਾਂ ਨੂੰ ਕਰਮ-ਕਾਂਡੀ ਅਤੇ ਭਰਮੀ ਬਣਾ ਰਹੇ ਹਨ ?

(ੲ) ਸਿੱਖ ਰਹਿਤ ਮਰਯਾਦਾ ਦੇ ਖਰੜੇ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਸ੍ਰੀ ਦਰਬਾਰ ਸਾਹਿਬ ਵਿਚ Book ਕਰਵਾਏ ਪਾਠਾਂ ਦਾ, ਦੂਰ-ਦੁਰਾਡੇ ਬੈਠੇ ਸ਼ਰਾਧਾਲੂ " ਘਰ ਵਾਲਿਆਂ ਨੂੰ " ਜ਼ਰਾ ਜਿੰਨਾਂ ਲਾਭ ਵੀ ਨਹੀਂ ਪੁੱਜ ਸਕਦਾ । ਫਿਰ ਗੁਰਬਾਣੀ ਦੇ ਅਜੇਹੇ ਮੰਤ੍ਰ-ਪਾਠਾਂ ਨੂੰ ਕਲਿਆਨਕਾਰੀ ਦੱਸ ਕੇ, ਪਾਠ Book ਕਰਨ ਦੇ ਬਹਾਨੇ,(ਜੀ ਆਈ ਮਾਇਆ ਲੈ ਕੇ, ਗੁਰਮਤਿ ਤੋਂ ਅਗਿਆਨੀ ਪਰ ਸ਼ਰਧਾਲੂ) ਗੁਰਸਿੱਖਾਂ ਨੂੰ ਭਰਮੀ ਬਣਾਉਣ ਦਾ ਪਾਪ ਕਰਨ ਦੇ ਨਾਲ, ਉਨ੍ਹਾਂ ਅਗਿਆਨੀ ਸ਼ਰਧਾਲੂਆਂ ਨੂੰ, ਦਿਨ ਦਿਹਾੜੇ, ਲੁਟਿਆ ਨਹੀਂ ਜਾ ਰਿਹਾ ਹੁੰਦਾ ਹੈ ਜੀ?" **ਭਰਮੁ ਚੁਕਾਵਹੁ, ਗੁਰਮੁਖਿ ਲਿਵ ਲਾਵਹੁ, ਆਤਮੁ ਚੀਨਹੁ ਭਾਈ ॥ ਨਿਕਟਿ ਕਰਿ ਜਾਣਹੁ, ਸਦਾ ਪ੍ਰਭ ਹਾਜ਼ਰੁ, ਕਿਸੁ ਸਿਉ ਕਰਹੁ ਬੁਰਿਆਈ ॥** ਕੀ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰਾਂ ਨੇ ਸਤਿਗੁਰਾਂ ਦਾ ਇਸ ਫੁਰਮਾਨ ਨੂੰ ਅਤੇ ਅਜੇਹੇ ਕਈ ਹੋਰ ਗੁਰੂ ਹੁਕਮਾਂ ਨੂੰ ਬੇਲੋੜਾ ਮੰਨ ਲਿਆ ਹੋਇਆ ਹੈ ਜੀ ? ਕਿ ਜਾਂ, ਸ੍ਰੀ ਹਰਮੰਦਰ ਸਾਹਿਬ ਜੀ ਦੇ ਸੇਵਾਦਾਰ ਨਿਹਕਲੰਕ ਬਣ ਚੁੱਕੇ ਹਨ ?

(ਸ) ਕੀ ਸ੍ਰੀ ਦਰਬਾਰ ਸਾਹਿਬ ਕਮੇਟੀ ਦੀ ਏਸੇ ਮਰਯਾਦਾ ਦੇ ਕਾਰਨ ਹੀ, ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ, ਆਮਦਨ ਅਥਵਾ

ਵਿਪਾਰ ਦਾ ਸਾਧਨ ਨਹੀਂ ਬਣ ਚੁੱਕਾ ?

(ਹ) ਕੀ ਇਹ ਸੱਚ ਨਹੀਂ ਹੈ ਕਿ, ਲਾਲਚੀ ਪਾਠੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸਾਇਕਲਾਂ ਦੇ ਪਿੱਛੇ ਬੰਨ੍ਹੀ, ਪਿੰਡੋ ਪਿੰਡ ਧੂਈ ਫਿਰਦੇ ਹਨ? ਅਤੇ ਕੀ ਇਹ ਵੀ ਸੱਚ ਨਹੀਂ ਹੈ ਕਿ ਕੇਂਦਰੀ ਅਸਥਾਨ ਤੇ ਅਜੇਹੀ ਮਰਯਾਦਾ ਚਾਲੂ ਹੋ ਜਾਣ ਤੋਂ ਦਲੇਰੀ ਪ੍ਰਾਪਤ ਕਰਕੇ, (ਸਤਿਗੁਰਾਂ ਸਰੂਪ ਦੀ ਘੋਰ ਬੇਅਦਬੀ ਵਾਲੇ) ਪਾਠਾਂ ਤੋਂ ਖੱਟੀ ਕਰਨ ਵਾਲੇ, ਲੁੱਟ ਦੇ ਕਈ ਅੱਡੇ ਸਿਰਜੇ ਜਾ ਚੁੱਕੇ ਹਨ?

(ਕ) ਕੀ, ਕੀਤੇ ਕਰਾਏ ਪਾਠਾਂ ਦੇ ਵੇਚਣ ਦੀ ਅਤੇ ਖ਼ਰੀਦਣ ਦੀ ਗਿਰਾਵਟ ਸਿੱਖ ਜਗਤ ਵਿਚ ਪ੍ਰਵੇਸ਼ ਨਹੀਂ ਕਰ ਚੁੱਕੀ ਹੋਈ ? ਕੀ ਇਸ ਗਿਰਾਵਟ ਦੀ ਸਿੱਧੀ ਜ਼ਿਮੇਵਾਰੀ ਪੰਥ ਦੇ ਸ਼ਰੋਮਣੀ ਜਥੇਦਾਰਾਂ ਤੇ ਨਹੀਂ ਆਉਂਦੀ ਜੀ ?

**੨= ਸੱਚ ਦੇ ਢੰਡੋਰਚੀ,** ਨੀਵਿਆਂ, ਨਿਤਾਣਿਆਂ ਦੇ ਸੰਗੀ-ਸਾਥੀ, ਸਰਬ ਸਾਂਝੇ, ਜੁਗੋ ਜੁਗ ਅਟੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅੰਤ ਫ਼ੁਰਮਾਨ ਹਨ ਕਿ ਪ੍ਰਭੂ ਦੀ ਅਥਵਾ ਸਤਿਗੁਰਾਂ ਦੀ ਪ੍ਰਸੰਤਾ ਲੈਣ ਲਈ, ਮਾਇਆ-ਦਾਨ ਕਰਨ ਦਾ ਗੁਰੂ-ਦਰਬਾਰ ਵਿਚ ਕੋਈ ਮੁੱਲ ਨਹੀਂ--

(੧) **ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥**
**ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥ ੩ ॥** [੯੭੩]

(੨) **ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ ॥**
**ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵੈ ਬਹੁ ਕੰਚਨੁ ਦੀਜੈ ਕਟਿ ਕਾਟ॥ ੨ ॥**

(੩) **ਸਤਿਗੁਰ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥**
**ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥ .... ੫ ॥ [੩੪]**

ਆਪ ਜੀ ਚੰਗੀ ਤਰ੍ਹਾਂ ਜਾਣਤ ਹੋ ਕਿ ਸਤਿਗਰੂ ਸੱਚੇ ਪਾਤਿਸ਼ਾਹ ਦੇ ਕਈ ਫ਼ੁਰਮਾਨ ਹਨ ਕਿ ਮਾਇਆ ਦੇ ਬਦਲੇ ਨਹੀਂ ਸਗੋ, ਸਤਿਗੁਰਾਂ ' ਦੀ ਹਜ਼ੂਰੀ ਵਿਚ ਵਿਕਾਰਾਂ ਤੋਂ ਰਹਿਤ, ਪਵਿਤ੍ਰ ਮਨ ਅਰਪਨ ਕਰਨ ਤੋਂ ਹੀ ਪ੍ਰਭੂ ਦੀ ਨੇੜਤਾ ਨਸੀਬ ਹੁੰਦੀ--**(੪) ਕੰਚਨ ਸਿਉ ਪਾਈਐ ਨਹੀਂ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧ ॥** [੩੨੭] ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ ਜੇ ਪ੍ਰਭੂ ਦੇ ਮਿਲਾਪ ਦੀ ਸਿੱਕ ਵਾਲੇ ਨੇ ਜੇ ਗੁਰੂ ਅੱਗੇ ਕੁਝ ਨ ਕੁਝ ਭੇਟਾ ਜ਼ਰੂਰ ਹੀ ਕਰਨਾ ਹੈ, ਤਾਂ ਇਹ ਕੁਝ ਅਰਪਨ ਕਰੋਂ--(੫) **ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥ ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ, ਤਉ ਮਿਲਿਓ ਸਗਲ ਪ੍ਰਬੀਨਾ ॥ ੧ ॥** [੧੨੧੦] ਅਨੂਪਮ ਸਤਿਗੁਰੂ ਜੀ ਦੇ ਸਰਬ ਉੱਚ ਦਰਬਾਰ ਵਿਚ, ਗੁਰੂ ਬਚਨਾਂ ਦੀ ਜ਼ਰਾ ਵੀ ਪਰਵਾਹ ਨਾ ਕਰਦੇ ਹੋਏ, ਵਡੇ ਲਾਲਚੀ ਪੁਜਾਰੀਆਂ ਨਾਲੋਂ ਦੋ ਕਦਮ ਅੱਗੇ ਲੰਘ ਕੇ, ਹਰਿਮੰਦਰ ਸਾਹਿਬ ਦੇ ਪਾਵਨ ਦਰਬਾਰ ਵਿਚ, ਸਤਿਗੁਰਾਂ ਦੇ ਐਨ ਸਾਹਮਣੇ, ਇੱਕ ਉਚੇਚਾ ਸੇਵਾਦਾਰ ਬਿਠਾਇਆ ਹੁੰਦਾ ਹੈ । ਉਸ ਦੇ ਸੱਜੇ ਹੱਥ ਤਹਿ ਕੀਤੇ ਪੀਲੇ ਪਟਕਿਆਂ ਦੀਆਂ ਦੋ ਢੇਰੀਆਂ ਲਗੀਆਂ ਹੁੰਦੀਆਂ ਹਨ । ਇੱਕ ਢੇਰੀ ਦੇ ਪਟਕੇ ਵਧੀਆਂ ਕੱਪੜੇ ਦੇ ਅਤੇ ਦੂਜੀ ਦੇ ਉਸ ਨਾਲੋਂ ਘਟੀਆ ਕੱਪੜੇ ਦੇ ਹੁੰਦੇ ਹਨ । ਸੇਵਾਦਾਰ ਦੇ ਖੱਬੇ ਹੱਥ ਵੱਡੇ ਅਕਾਰ ਵਾਲੇ ਪਤਾਸ਼ਿਆਂ ਦਾ ਟੋਕਰਾ ਰਖਿਆ ਹੁੰਦਾ ਹੈ । ਸਰਬਸਾਂਝੇ, ਸਾਰਿਆਂ ਦੇ ਮਾਤਾ ਪਿਤਾ, ਸਾਰਿਆਂ ਦੇ ਸੱਜਣ, ਸੱਚੇ ਪਾਤਸ਼ਾਹ ਜੀ ਦੇ ਸ਼ਾਹੀ ਦਰਬਾਰ, ਮੱਥਾ ਟੇਕਣ ਆਇਆ, ਜਿਹੜਾ ਸ਼ਰਧਾਲੂ ਮਿਥੇ ਹੋਏ ਟੀਚੇ ਅਨੁਸਾਰ ਵੱਧ ਮਾਇਆ ਭੇਟਾ ਕਰਦਾ ਹੈ, ਉਸ ਨੂੰ ਵਧੀਆਂ ਕੱਪੜੇ ਦਾ ਸਰੋਪਾ, ਜਿਹੜਾ ਉਸ ਤੋਂ ਘੱਟ ਮਾਇਆ ਭੇਟਾ ਕਰਦਾ ਹੈ, ਉਸ ਨੂੰ ਘਟੀਆ ਕੱਪੜੇ ਵਾਲਾ ਸਰੋਪਾ ਬਖ਼ਸ਼ਿਆ ਜਾਂਦਾ ਹੈ, ਅਤੇ ਜਿਹੜਾ ਉਸ ਤੋਂ ਵੀ ਘੱਟ ਮਾਇਆ ਭੇਟਾ ਕਰਦਾ ਹੈ ਉਸ ਨੂੰ ਦੋ ਜਾਂ ਚਾਰ ਪਤਾਸ਼ੇ ਦੇ ਕੇ ਤੋਰ ਦਿੱਤਾ ਜਾਂਦਾ ਹੈ । ਅਤੇ ਚੌਥੀ ਸ਼੍ਰੇਣੀ ਵਾਲਾ ਵਿਚਾਰਾ, ਜਿਹੜਾ, ਗ਼ਰੀਬਾਂ ਦੇ ਸੰਗੀ ਸਾਥੀ, ਸਤਿਗੁਰੂ ਦੇ ਦਰਬਾਰ ਵਿਚੋਂ, ਅਜੇਹੀ ਕੋਈ ਵੀ ਬਖ਼ਸ਼ਸ਼ ਨਹੀਂ ਖ਼ਰੀਦ ਸਕਦਾ, ਉਹ ਗ਼ਰੀਬ, ਸਰਿਆ ਬਣਿਆ ਰੁਪਈਆ ਟਕਾ, ਛੇਤੀ ਨਾਲ ਵਗਾਹ ਕੇ, ਖਿਸਕਣ ਦੀ ਕਰਦਾ ਹੈ ।

**ਸਮਾਧਾਨ ਗੋਚਰੇ ਸ਼ੰਕੇ** -

(A) ਪਹਿਲੀ ਜ਼ਰੂਰੀ ਬੇਨਤੀ ਇਹ ਹੈ ਕਿ, ਕੀ ਉਪ੍ਰੋਕਤ ਵਰਣਨ ਹੋ ਰਹੇ ਸਭ ਕੁਝ ਨਾਲ ਕਿਤੇ ਬੇਅੰਤ ਗੁਰੂ ਉਪਦੇਸ਼ਾਂ ਦਾ ਮੌਜੂ ਤਾਂ ਨਹੀਂ ਉਡਾਇਆ ਜਾ ਰਿਹਾ ਹੁੰਦਾ ਜੀ ?

(B) ਕੀ ਇਸ ਤਰ੍ਹਾਂ ਕਰਕੇ ਹਰੀਮੰਦਰ ਸਾਹਿਬ ਦੇ ਸੇਵਾਦਾਰ, ਗੁਰੂ ਦਰਬਾਰ ਵਿਚ ਆਈ ਸੰਗਤ ਦੀਆਂ ਵੰਡੀਆਂ ਪਾਈ ਜਾ ਕੇ, ਗ਼ਰੀਬ ਸ਼ਰਧਾਲੂਆਂ ਦੇ ਮਨਾਂ ਵਿਚ ਦੀਨਤਾ ਅਤੇ ਹੀਣਤਾ ਦਾ ਅਨੁਭਵ ਪੈਦਾ ਨਹੀਂ ਕਰ ਰਹੇ ਹੁੰਦੇ ਜੀ ?

(C) ਅਜੇਹੇ ਵਿਤਕਰੇ ਵਾਲੇ ਵਿਉਹਾਰ, ਕੀ ਗੁਰੂ ਦਰਬਾਰ ਦੀ ਸੋਭਾ ਵਧਾਉਣ ਵਾਲੇ ਹਨ ? ਕੀ ਇਹ ਵੱਧ ਤੋਂ ਵੱਧ ਮਾਇਆ, ਦਾਨ ਕਰਨ ਦੀ ਪ੍ਰੇਰਨਾ ਕਰਨ ਵਾਲਾ ਗੁਰਮਤਿ ਵਿਰੋਧੀ ਦੁਸ਼ਕਰਮ ਤਾਂ ਨਹੀਂ ਹੈ ਜੀ ?

(D) ਕੀ ਆਪ ਜੀ ਇਸ ਨਾਲ ਸਹਿਮਤ ਨਹੀਂ ਹੋ ਕਿ ਇਸ ਤਰ੍ਹਾਂ ਕੀਤੀ ਜਾ ਰਹੀ ਠੱਗੀ ਦੁਆਰਾ ਆਉਣ ਵਾਲੀ ਮਾਇਆ ਵਿਚ, ਪਹਿਲੇ ਸਾਲਾਂ ਨਾਲੋਂ ਕਈ ਗੁਣਾ ਵਾਧਾ ਹੋਇਆ ਹੈ ਜੀ ? ਕੀ ਲੋਕਾਂ ਦਾ ਇਹ ਕਥਨ ਠੀਕ ਨਹੀਂ ਹੈ ਕਿ ਵੋਟਾਂ ਦੁਆਰਾ ਆਏ S.G.P.C. ਦੇ ਪ੍ਰਬੰਧਕਾਂ ਨੇ ਹਰਮੰਦਰ ਸਾਹਿਬ ਨੂੰ ਵੀ ਬਿੱਪ੍ਰੀ ਤੀਰਥਾਂ ਅਤੇ ਦੇਵ-ਮੰਦਰਾਂ ਵਾਂਗ ਹੀ, ਠੱਗੀ ਦਾ ਅੱਡਾ ਬਣਾ ਦਿੱਤਾ ਹੋਇਆ ਜੀ ?

## ੩= ਗ਼੍ਰੀਬ ਦਾ ਮੂੰਹ ਸਤਿਗੁਰਾਂ ਦੀ ਗੋਲਕ--

[ਧਿਆਨ ਗੋਚਰਾ ਜ਼ਰੂਰੀ ਨੋਟ:--ਇਹ ਇਤਿਹਾਸਕ ਸਚਾਈ ਹੈ ਕਿ ਹਿੰਦੂ ਧਰਮ ਦੇ ਕਾਨੂੰਨ ਦੇ ਗ੍ਰੰਥ, ਮਨੁਸਿਮ੍ਰਿਤੀ ਨੇ, ਵਿਦਿਆ ਦਾ ਮਾਲਕ ਕੇਵਲ ਅਤੇ ਕੇਵਲ

ਬ੍ਰਾਹਮਣ ਨੂੰ ਹੀ ਬਣਾ ਦਿੱਤਾ ਹੋਇਆ ਸੀ । ਇਹ ਹੀ ਪੂਰਨ ਸੱਚ ਹੈ ਕਿ, ਓਸੇ ਦਾ ਹੀ ਸਿੱਟਾ ਹੈ ਜੋ, ਸਾਰੀ ਭਾਰਤੀ ਜੰਤਾ ਵਿਚੋਂ ਕੇਵਲ ਬ੍ਰਾਹਮਣ ਹੀ ਉਚੇਚੇ ਤੌਰ ਤੇ ਵਿਦਵਾਨ ਬਣ ਸਕਿਆ ਅਤੇ ਅੱਜ ਭਾਰਤ ਸਰਕਾਰ ਦੀ ਬਾਗ-ਡੋਰ ਵਾਸਤਵ ਵਿਚ ਬ੍ਰਾਹਮਣ ਦੇ ਹੱਥ ਵਿਚ ਹੀ ਹੈ ]

**ਗ਼ਰੀਬ ਨਿਵਾਜ ਟੌਹੜਾ ਸਾਹਿਬ ਜੀਓ !** ਆਪ ਜੀ ਦੇ ਇਸ ਨਿਮਾਣੇ ਦਾਸ ਨੇ, ਹੇਠਾਂ ਕੁਝ ਵਿਚਾਰ ਲਿਖੇ ਹਨ । ਸਨਿਮਰ ਬੇਨਤੀ ਹੈ ਕਿ ਇਨ੍ਹਾਂ ਨੂੰ ਵਾਚ ਕੇ ਆਪਣੀ ਵਡਮੁਲੀ ਰਾਏ ਬਖ਼ਸ਼ੋ ਕਿ---ਕੀ ਇਹ ਸਭ ਕੁਝ ਵਾਕਿਆਤੀ ਅਥਵਾ ਇਤਿਹਾਸਕ ਸੱਚ ਹੀ ਹੈ ਕਿ ਜਾਂ ਦਾਸ ਦਾ ਫੋਕਾ ਭਰਮ ਹੈ ? ਜੇ ਦਾਸ ਨੇ ਕੋਈ ਭੁੱਲ ਕੀਤੀ ਹੈ ਤਾਂ ਠੀਕ ਸੋਧ ਦੇਣ ਦੀ ਮਿਹਰ ਕਰ ਦੇਣੀ, ਤਾਂ ਜੋ ਪੁਸਤਕ ਵਿਚ ਠੀਕ ਪੱਖ ਲਿਖਿਆ ਜਾ ਸਕੇ ਜੀ :----

(ੳ) ਪ੍ਰੋਹਿਤ ਦੇ ਕਹੇ, ਜਨੇਊ ਪਾਉਣ ਤੋਂ ਨਾਹ ਕਰ ਦੇਣ ਵਾਲੇ ਦਿਨ ਤੋਂ ਹੀ, ਗੁਰੂ ਨਾਨਕ ਦੇਵ ਜੀ ਦੇ ਗਿਆਨ ਤੋਂ ਘਬਰਾ ਕੇ **ਬਿੱਪ੍ਰ ਸੜ-ਬਲ** ਕੇ ਗੁਰਮਤਿ-ਦਾ ਵਡਾ ਖ਼ਤਰਨਾਕ-ਪੱਕਾ ਵੈਰੀ ਬਣ ਬੈਠਾ ਸੀ ?

(ਅ) ਵਿਦਵਾਨ ਬਿੱਪ੍ਰ ਨੇ ਗੁਰੂ ਬਾਣੀ ਵਿਚ ਕਈ ਰਲੇ ਪਾ ਦਿੱਤੇ ਸਨ, ਜੋ ਸੁਚੇਤ ਸਤਿਗੁਰੂ (ਪੰਚਮ ਪਾਤਿਸ਼ਾਹ ਜੀ) ਨੇ ਦੂਰ ਕਰਕੇ ਨਿਰੋਲ ਗੁਰ-ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੁਰੱਖਿਅਤ ਕਰ ਲਈ ਸੀ,

(ੲ) ਖ਼ਾਲਸਾ ਜੀ ਨੂੰ ਜੰਗਾਂ ਜੁੱਧਾਂ ਵਿਚ ਫ਼ਸਾਈ ਰੱਖਣ ਵਿਚ ਬਿੱਪ੍ਰ ਦਾ ਹੱਥ ਸੱਭ ਤੋਂ ਵੱਧ ਸੀ ?

(ਸ) ਖ਼ਾਲਸਾ ਜੀ ਦੇ ਇਸ ਰੁਝੇਵੇਂ ਦਾ ਲਾਭ ਲੈ ਕੇ, ਗੁਰਮਤਿ ਅਥਵਾ ਗੁਰੂ ਗਿਆਨ ਦੇ ਵਿਰੋਧੀ, ਏਸੇ ਬ੍ਰਾਹਮਣ ਨੇ ਹੀ, **ਉਦਾਸੀਆਂ, ਨਿਰਮਲਿਆਂ, ਮਹੰਤ-ਪੁਜਾਰੀਆਂ** ਅਥਵਾ **ਡੇਰਾਵਾਦੀ-ਸਾਧ-ਭੇਖਾਂ**, ਵਿਚ ਖ਼ਾਲਸਾ-ਪੰਥ ਦੇ ਧਰਮ-ਪਰਚਾਰ ਦੇ ਸਾਧਨਾ ਤੇ ਕਬਜ਼ਾ ਕਰ ਲੈਣ ਵਿਚ ਉਚੇਚੀ ਕਾਹਲ ਕੀਤੀ ਸੀ ?

(ਹ) ਸਤਿਗੁਰਾਂ ਦੇ ਗਿਆਨ ਤੋਂ ਸਿੱਖ ਨੂੰ ਵਾਂਜੇ ਰੱਖਣ ਲਈ ਅਤੇ ਗੁਰੂ ਮਰਯਾਦਾ ਨੂੰ ਪੱਕਾ ਅਤੇ ਗੂੜ੍ਹਾ, ਬਿੱਪ੍ਰੀ ਰੰਗ ਚਾੜ੍ਹ ਕੇ ਖ਼ਾਲਸੇ ਦੀ ਨਿਆਰੀ ਅਤੇ ਵਿਲੱਖਣ ਹੋਂਦ ਅਲੋਪ ਕਰ ਦੇਣ ਲਈ ਹੀ, ਇਨ੍ਹਾਂ ਟੋਲਿਆਂ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਣਾਈ " **ਧਰਮਸ਼ਾਲਾ** " ਤੇ ਝੱਟ ਪਟ ਕਬਜ਼ਾ ਕਰਨ ਦੀ ਕੀਤੀ ਸੀ । ਭੋਲੇ ਅਤੇ ਗੁਰਬਾਣੀ-ਸਿਧਾਂਤ ਤੋਂ ਅਣਜਾਣ ਗੁਰਸਿੱਖਾਂ ਨੇ ਉਨ੍ਹਾਂ ਦੀ ਕੁਟਲਤਾ ਦਾ ਭੇਤ ਨਾ ਜਾਣ ਕੇ ਉਨ੍ਹਾਂ ਠੱਗਾਂ ਨੂੰ ਗੁਰੂ ਘਰਾਂ ਦੇ ਸੇਵਕ ਅਤੇ ਗੁਰਮਤਿ ਦੇ ਪਰਚਾਰਕ ਮੰਨ ਲਿਆ ।

(ਕ) ਮਨੁੱਖ ਨੂੰ ਹਰ ਪੱਖੋਂ ਸੰਤ-ਸੂਰਮਾਂ ਅਥਵਾ ਨਿਆਰਾ-ਖ਼ਾਲਸਾ ਬਣਾ ਦੇਣ ਵਾਲੇ ਗੁਰਮਤਿ ਗਿਆਨ ਦੀ ਸਿਖਲਾਈ ਦੇਣ ਵਾਲੇ ਥਾਂਵਾਂ ਨੂੰ, ਮਾਇਆ ਦੇ ਵੱਟੇ ਸੁੱਖਣਾ ਪੂਰੀਆਂ ਕਰਨ ਵਾਲੇ **(ਬਿੱਪ੍ਰ ਦੇ ਸਿਰਜੇ ਦੇਵ-ਮੰਦ੍ਰਾਂ ਵਰਗੇ ਹੀ)** ਮਾਇਆ ਉਗਰਾਹੁਣ ਦੇ ਅੱਡੇ ਬਣਾ ਦੇਣ ਲਈ, ਗੁਰੂ ਨਾਨਕ ਜੀ ਦੇ ਦਿੱਤੇ ਹੋਏ ਨਾਮ " **ਧਰਮਸ਼ਾਲਾ** " ਨੂੰ ਬਦਲ ਕੇ ਇਸ ਦਾ ਨਾਮ " **ਗੁਰੂ ਘਰ, ਜਾਂ ਗੁਰਦੁਆਰਾ** " ਰੱਖ ਦਿੱਤਾ ਗਿਆ ਸੀ ? [ਨੋਟ:--ਧਰਮਸ਼ਾਲਾ ਵਿਚੋਂ ਧਰਮ ਦੀ ਸਿਖਲਾਈ ਲੈਣ ਦਾ ਅਨੁਭਵ ਬਣਦਾ ਹੈ, " ਗੁਰਦੁਆਰੇ ਜਾਂ ਗੁਰੂ ਘਰ " ਤੋਂ ਮੰਦਰ ਵਿਚਲੇ ਦੇਵੀ-ਦੇਵਤੇ ਵਾਂਗ ਹੀ ਗੁਰੂ ਤੋਂ ਮਨ ਆਈਆਂ ਇਛਿਆਵਾਂ ਪੂਰੀਆਂ ਕਰ ਸਕਣ ਦਾ ਅਨੁਭਵ ਜਨਮ ਲੈ ਲੈਂਦਾ ਹੈ ਅਤੇ ਦੇਵਤੇ ਵਾਂਗ ਹੀ ਸਤਿਗੁਰਾਂ ਦੀ ਵੀ ਪੂਜਾ-ਪਾਠ ਅਤੇ ਆਰਤੀਆਂ ਆਦਿ ਕੀਤੀਆਂ ਜਾਣ ਦੀ ਖੁੱਲ੍ਹ ਵਾਲੀ ਗੁਰਮਤਿ ਵਿਰੋਧੀ ਮਰਯਾਦਾ ਆਪਣੇ ਆਪ ਹੀ ਬਣ ਜਾਂਦੀ ਹੈ]

(ਖ) ਇਹ ਇਤਿਹਾਸਕ ਸਚਾਈ ਹੈ ਕਿ ਸ਼ਾਹਿਨਸ਼ਾਹਾਂ, ਬਾਦਸ਼ਾਹਾਂ, ਅਥਵਾ ਮਾਮੂਲੀ ਰਜਵਾੜਿਆਂ ਦੇ ਦਰਬਾਰਾਂ ਵਿਚ, ਕਿਸੇ ਪਰਕਾਰ ਦੀ **ਗੋਲਕ** ਰੱਖਣ ਦੀ ਗੁਸਤਾਖ਼ੀ ਸਾਰੇ ਸੰਸਾਰ ਵਿਚ ਕਿਸੇ ਨੇ ਕਦੇ ਨਹੀਂ ਕੀਤੀ । ਬਾਦਿਸ਼ਾਹੀ ਅਥਵਾ ਸਰਕਾਰੀ ਮਾਇਆ ਦੇ ਭੰਡਾਰਾਂ ਦੀ ਸੰਭਾਲ, ਖ਼ਜ਼ਾਨਿਆਂ ਵਿਚ ਸਰਕਾਰਾਂ ਦੇ ਖ਼ਜ਼ਾਨਚੀ ਕਰਿਆ ਕਰਦੇ ਹਨ ।

(ਗ) ਕੌਮ ਨੂੰ ਨਿਰੰਤਰ ਚੜ੍ਹਦੀ ਕਲਾ ਵੱਲ ਨੂੰ ਲਈ ਜਾਣ ਵਾਲੇ " **ਗੁਰੂ ਦੀ ਗੋਲਕ ਗ਼ਰੀਬ ਦਾ ਮੂੰਹ** " ਗੁਰਮਤਿ-ਸਿੰਧਾਂਤ ਨੂੰ ਅਲੋਪ ਕਰ ਦੇਣਾ ਵੀ ਬਿੱਪ੍ਰੀ ਯੋਜਨਾਂ ਦਾ ਬੜਾ ਜ਼ਰੂਰੀ ਹਿੱਸਾ ਸੀ ।

(ਘ) ਉਸੇ ਘਿਣਾਵਣੀ ਯੋਜਨਾਂ ਦੀ ਪੂਰਤੀ ਲਈ ਗੁਰੂ ਕੇ ਖ਼ਜ਼ਾਨੇ ਦੇ ਮੁਨਸ਼ੀ ਕੋਲ ਆਪਣੀ ਨੇਕ ਕਮਾਈ ਵਿਚੋ ਦਸਵੰਧ ਜਮ੍ਹਾਂ ਕਰਾਉਣ ਵਾਲੀ ਗੁਰੂ ਮਰਯਾਦਾ " **ਦਸਵੰਧ-ਪ੍ਰਥਾ** " ਨੂੰ ਬੰਦ ਕਰ ਦੇਣਾ ਵੀ, ਉਪ੍ਰੋਕਤ ਉਦਾਸੀ-ਨਿਰਮਲੇ--ਮਹੰਤ-ਪਜੁਾਰੀ, ਅਥਵਾ ਸਾਧ-ਸੰਤ-ਭੇਖਾਂ ਵਿਚ ਲੁਕੇ, **ਬਿੱਪ੍ਰ** ਨੇ ਬੜਾ ਜ਼ਰੂਰੀ ਸਮਝਿਆ ਸੀ ।

(ਙ) ੧੭੨੧ ਸੰਨ ਤੋਂ ਪਹਿਲਾਂ, ਬੇ-ਹਿਸਾਬੀ ਮਾਇਆ ਦੀ ਨਿਰੰਤਰ ਉਗਰਾਹੀ ਸਾਂਭੀ ਜਾਣ ਵਾਲੀ " **ਗੋਲਕ** " ਦੇ ਦਰਸ਼ਨ ਕੇਵਲ ਬਿੱਪ੍ਰ ਦੇ ਸਿਰਜੇ ਦੇਵ-ਮੰਦਰਾਂ ਵਿਚ, ਅਤੇ ਜਾਂ ਫਿਰ 'ਪਿੰਗਲ-ਵਾੜਿਆਂ ਅਥਵਾ ਮੰਗਤਿਆਂ ਦੇ ਡੇਰਿਆਂ ਵਿਚ ਹੀ ਹੋਇਆ ਕਰਦੇ ਸਨ । ਇਹ ਵੀ ਸੱਚ ਹੈ ਕਿ, **ਅਜੇਹੀ ਗੋਲਕ**, (ਸ਼ਾਹੀ ਦਰਬਾਰਾਂ ਵਾਂਗ ਹੀ) ਨਾ ਕਿਸੇ ਮਸੀਤ ਵਿਚ ਹੈ ਅਤੇ ਨਾ ਹੀ ਕਿਸੇ ਗਿਰਜੇ ਵਿਚ ਰੱਖੀ ਹੋਈ ਕਦੇ ਵੇਖੀ ਗਈ ਹੈ ? ਕੀ ਇਹ ਦੁੱਖ ਵਾਲੀ ਗੱਲ ਨਹੀਂ ਹੈ ਕਿ ਜਿਸ ਨਿਆਰੇ ਸਤਿਗੁਰੂ ਜੀ ਨੇ ਬ੍ਰਾਂਹਮਣੀ ਮੰਦਰਾਂ ਵਿਚਲੀ ਗੋਲਕ ਦੇ ਥਾਂ ਦਸਵੰਧ ਦੀ ਰਕਮ ਦੀ ਸੰਭਾਲ ਕਰਨ ਵਾਲਾ ਮੁਨਸ਼ੀ ਅਤੇ ਅੱਡਰੇ ਖ਼ਜ਼ਾਨੇ ਦੀ ਮਰਯਾਦਾ ਬਣਾਈ ਸੀ, ਓਸੇ ਸਤਿਗੁਰੂ ਜੀ ਦੇ ਨਿਆਰੇ ਖ਼ਾਲਸਾ ਜੀ ਨੇ ਆਪਣੇ ਸਰਿਤੁਰੂ ਦਾ ਦਰਬਾਰ ਬਿੱਪ੍ਰ ਦੇ ਮੰਦਰਾਂ ਜਿਹਾ ਬਣਾ ਦੇਣ ਲਈ ਤਖ਼ਤ ਚਵਰ ਛਤਰ ਵਾਲੇ ਸ਼ਾਹੀ ਦਰਬਾਰ ਵਿਚ, ਗੋਲਕ ਰੱਖ ਕੇ ਮਸੀਤਾਂ ਅਤੇ ਗਿਰਜਿਆਂ ਨਾਲੋਂ ਨਵੀਂ ਪੱਧਰ ਦੀ ਮਰਯਾਦਾ ਅਪਣਉਣੀ ਝੱਲ ਲਈ ਹੋਈ ਹੈ ?

(ਚ) ਕੀ ਇਹ ਵੀ ਇਤਿਹਾਸਕ ਸਚਾਈ ਨਹੀਂ ਹੈ ਕਿ-- ੧੭੨੧ ਤੋਂ (ਜਦੋਂ ਤੱਕ ਉਦਾਸੀਆਂ ਦੀ ਭਰਪੂਰ ਪਿੱਠ ਪੂਰਨ ਵਾਲੇ ਬੰਦਈਆਂ ਦਾ ਵੀ ਬੋਲ ਬਾਲਾ ਹੋ ਚੁੱਕਾ ਸੀ ਅਤੇ ਗੁਰਮਤਿ ਸਿੰਧਾਂਤ ਦਾ ਰਾਖਾ, ਤੱਤ ਖ਼ਾਲਸਾ ਪੂਰਨ ਤੌਰ ਤੇ ਜੰਗਾਂ ਜੁੱਧਾਂ ਵਿਚ ਫੱਸ ਕੇ **ਧਰਮਸ਼ਾਲਾ** ਦੀ ਸੰਭਾਲ ਤੋਂ ਅਲੱਗ ਹੋ ਜਾਣ ਲਈ ਬੇਬੱਸ ਹੋ ਚੁੱਕਾ ਸੀ । ਤਾਤਪਰਜ, ਲਗਪਗ **ਸਾਰੀਆਂ ਧਰਮਸ਼ਾਲਾਂ ਦੇ ਸੰਚਾਲਕ**, ਉਦਾਸੀ-ਸਾਧੂ, ਨਿਰਮਲੇ, ਅਥਵਾ ਡੇਰੇਦਾਰ ਸਾਧ-ਸੰਤ-ਮਹੰਤਾਂ ਦੇ ਟੋਲੇ ਹੀ ਬਣ ਗਏ ਸਨ

। ਉਨ੍ਹਾਂ ਤੋਂ) ਪਹਿਲਾਂ ਸਤਿਗੁਰਾਂ ਦੇ ਦਰਬਾਰ ਵਿਚ, ਮਾਇਆ ਭੇਟਾ ਨਹੀਂ ਸੀ ਕੀਤੀ ਜਾਂਦੀ ਹੁੰਦੀ । ਸਤਿਗੁਰਾਂ ਦੇ ਦਰਬਾਰ ਨੂੰ ਸੁਗੰਧਤ ਅਤੇ ਮਨ ਭਾਉਂਦੇ ਵਾਯੂਮੰਡਲ ਵਾਲਾ ਬਣਾਈ ਰੱਖਣ ਵਾਲੀ " ਤਿਲ-ਫੁਲ਼ ਦੀ (ਭਾਵ, ਫਲਾਂ ਦੀ ਤੇ ਫੁੱਲਾਂ ਦੀ) ਭੇਟਾ ਹੀ ਪਰਵਾਨ ਸੀ ।

(ਛ) ਸਿੱਖੀ ਸਿਧਾਂਤ ਦਾ ਵੈਰੀ ਬਿੱਪ੍ਰ, ਕਦੇ ਦਾ ਲੋਚਦਾ ਸੀ ਕਿ, ਗਿਆਨ ਦੇ ਅਥਾਹ ਸਾਗਰ, ਸ਼ਾਹਾਂ ਦੇ ਸ਼ਾਹ, ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ, ਜੀ ਦੀ **ਧਰਮਸ਼ਾਲਾ** (ਧਰਮ ਦੇ ਨਿਯਮ ਸਿਖਾਉਣ ਵਾਲੇ) ਦਰਬਾਰ ਨੂੰ, ਦੇਵੀ ਦੇਵਤੇ ਦੇ ਮੰਦਰ ਵਾਂਗ, ਲੋਕਾਂ ਦੀਆਂ ਸੁਖਣਾ ਪੂਰੀਆਂ ਕਰਨ ਵਾਲਾ, ਅਤੇ ਦਾਨ ਦੇ ਵੱਟੇ ਹਜ਼ਾਰਾਂ ਗੁਣਾ ਵੱਧ ਪਦਾਰਥਾਂ ਦੀ ਬਖ਼ਸ਼ਸ਼ ਕਰਨ ਵਾਲਾ, ਕੇਵਲ **ਪੂਜਾਪਾਠ-ਘਰ** ਹੀ ਬਣਾ ਦਿੱਤਾ ਜਾਵੇ । ਸਿੱਖੀ ਦਾ ਵੈਰੀ ਢੁਕਵੇਂ ਸਮੇ ਦੀ ਤਾੜ ਵਿਚ ਸੀ ਕਿ, ਕਿਵੇਂ ਸਿੱਖੀ ਦਾ ਗਿਆਨ ਵੰਡਨ ਵਾਲੀ **ਧਰਮਸ਼ਾਲਾ** ਨੂੰ, ਪੂਜਾ ਪਾਠ ਦੇ ਵੱਟੇ ਮਨ ਦੀ ਸ਼ਾਂਤੀ ਪ੍ਰਦਾਨ ਕਰਨ ਵਾਲਾ, ਬੇਹਿਸਾਬੀ ਮਾਇਆ ਦੀ ਉਗਰਾਹੀ ਕਰ ਸਕਣ ਵਾਲਾ, ਨਾਮ-ਧਰੀਕ ਧਾਰਮਿਕ ਅਸਥਾਨ (ਅੱਡਾ) ਬਣਾ ਦਿੱਤਾ ਜਾਵੇ । ਜਦੋਂ ਹੀ ਸਿੱਖੀ-ਸਿਧਾਂਤ ਦਾ ਰਾਖਾ ਜੰਗਾਂ-ਜੁੱਧਾਂ ਵਿਚ ਰੁੱਜ ਕੇ ਜੰਗਲਾਂ ਬੀਆਬਾਨਾਂ ਦਾ, ਅਥਵਾ ਘੋੜਿਆਂ ਦੀ ਕਾਠੀ ਦਾ ਵਾਸੀ ਬਣ ਜਾਣ ਤੇ ਮਜਬੂਰ ਹੋ ਗਿਆ, ਸਿਖੀ ਸਿਧਾਂਤ ਦੇ ਵੈਰੀ, ਪੈਦਾਇਸ਼ੀ ਮੰਗਤੇ, ਬਿੱਪ੍ਰ-ਪੁਜਾਰੀ ਨੇ, ਦੇਵ-ਮੰਦਰਾਂ ਵਾਂਗ ਹੀ, ਸਤਿਗੁਰਾਂ ਦੀ ਹਜ਼ੂਰੀ ਵਿਚ ਵੀ ਬੇ-ਹਿਸਾਬੀ ਮਾਇਆ ਦੀ ਉਗਰਾਹੀ ਕਰੀ ਰੱਖਣ ਵਾਲੀ" **ਗੋਲਕ ਰੂਪ ਮਾਇਆ-ਨਾਗਨੀ** " ਲਿਆ ਅਸਥਾਪਨ ਕੀਤੀ, ਅਤੇ ਸੱਚੇ ਪਾਤਿਸ਼ਾਹ ਜੀ ਦੇ ਸ਼ਾਹੀ ਦਰਬਾਰ ਨੂੰ ਘਿਣਾਵਣਾ ਗ੍ਰਹਣ ਲਾ ਕੇ ਇਸ ਪਾਵਨ ਦਰਬਾਰ ਨੂੰ ਬੇਹਿਸਾਬੀ-ਮਾਇਆ ਦੀ ਉਗਰਾਹੀ ਦਾ ਅੱਡਾ ਬਣਾ ਦਿੱਤਾ ।

ਸਤਿਗੁਰਾਂ ਦੇ ਸ਼ਾਹੀ ਖ਼ਜ਼ਾਨੇ ਦੀ ਸੰਭਾਲ ਕਰਨ ਵਾਲੇ ਮੁਸੱਦੀ ਅਥਵਾ ਖ਼ਜ਼ਾਨਚੀ ਕੋਲ, ਆਪੋ ਆਪਣੀ ਕਮਾਈ ਦਾ ਦਸਵੰਧ, ਜਮ੍ਹਾਂ ਕਰਾ ਕੇ, ਦੀਵਾਨ ਵਿਚ ਹਾਜ਼ਰੀ ਭਰਨ ਦੀ ਮਰਯਾਦਾ ਵਾਲਾ ਖ਼ਾਲਸਾ, (ਗ਼੍ਰੀਬਾਂ ਲੋੜਵੰਦਾ ਦੇ ਨਾਮ ਤੇ ਨਹੀਂ ਸਗੋਂ ) ਪਰਮ-ਦਾਤੇ, ਵਾਹਿਗੁਰੂ ਜੀ ਦੇ ਨਾਮ ਤੇ (ਜਾਂ ਸਤਿਗੁਰਾਂ ਦੇ ਨਾਮ ਤੇ) ਦਾ-ਪੁੰਨ ਕਰਨ ਵਾਲਾ ਦਾਨੀ ਬਣ ਗਿਆ । ਭਾਵ, ਜਨਮਾਂ ਜਨਮਾਂਤਰਾਂ ਦਾ ਮੰਗਤਾ, ਆਪ ਦਾਨੀ ਬਣ ਬੈਠਾ । ਨਿਸ਼ਕਾਮ, ਅਤੇ ਨਿਸ਼ਕਪਟ ਖ਼ਾਲਸੇ ਦੇ ਮਨ ਨੂੰ, ਦਾਨ ਨਾਲ ਜੁੜੀਆਂ ਕਾਮਨਾਂਵਾਂ ਦਾ ਭੰਡਾਰ ਬਣਾ ਦੇਣ ਵਾਲੀ ਪਰਿਪਾਟੀ ਚਾਲੂ ਹੋ ਗਈ---

**ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥**
**ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥ ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥**

੨੦੦ ਸਾਲ ਤੋਂ ਵੱਧ ਦੀ ਘਾਲਣਾ ਨਾਲ ਬਣਾਈ, ਖ਼ਾਲਸੇ ਵਿਚਲੀ ' ਤਿਆਗ ਅਤੇ ਸੰਤੋਖ ' ਦੀ ਭਾਵਣਾ ਅਲੋਪ ਹੋ ਗਈ । ਜਿਸ ਨੇ ਕੋਈ ਉਚੇਚੀ ਰਕਮ ਗੁਰੂ ਘਰ ਨੂੰ ਦਾਨ ਕੀਤੀ, ਉਸ ਨੇ ਆਪਣੇ ਨਾਮ ਦੀ ਅਰਦਾਸ ਕਰਵਾਈ । ਅਰਦਾਸੀਏ ਲਈ ਜ਼ਰੂਰੀ ਬਣ ਗਿਆ ਕਿ ਉਹ ਦਾਨੀ ਸੱਜਣ ਲਈ, ਦਾਨ ਨਾਲੋਂ ਹਜ਼ਾਰਾਂ ਗੁਣਾ ਵੱਧ ਪਦਾਰਥਾਂ ਦੇ ਮੋੜ ਦੇਣ ਦੇ ਬੇਨਤੀ ਵੀ, **ਜ਼ਰੂਰ ਕਰੇ** । ਸਮੇ ਨਾਲ ਇਹ ਗੁਰਮਤਿ ਵਿਰੋਧੀ ਬ੍ਰਾਹਮਣੀ-ਕਰਮ, ਗੁਰੂ ਮਰਯਾਦਾ ਬਣ ਗਈ । ਮਨੁਸਿਮ੍ਰਿਤੀ ਆਪਣਾ ਰੂਪ ਵਟਾ ਕੇ ਗੁਰੂ ਘਰ ਵਿਚ ਆ ਵੜੀ । ਸਤਿਗੁਰਾਂ ਨੇ ਤਾਂ ਸਰੂਪ ਹੀ ਅਜੇਹਾ ਧਾਰਨ ਕਰ ਲਿਆ ਕਿ, ਜਿਸ ਨੂੰ ਕਿਸੇ ਵੀ ਸੰਸਾਰੀ ਪਦਾਰਥ ਦੀ ਲੋੜ ਰਹਿ ਹੀ ਨਹੀਂ ਸੀ ਗਈ । ਬ੍ਰਾਹਮਣ ਦੇ ਥਾਂ ਦਾਨ ਲੈਣ ਦਾ " ਹੱਕਦਾਰ, " ਖਾਲਸਾ ਆਪ ਹੀ ਬਣ ਬੈਠਾ । ਸਤਿਗੁਰਾਂ ਦੇ ਦਰਬਾਰ ਦੀਆਂ ਹੀ ਸਟੇਜਾਂ ਤੋਂ ਦਾਨੀ ਸੱਜਣ ਦਾ ਧਨਵਾਦ ਕੀਤਾ ਜਾਣ ਲੱਗ ਪਿਆ । ਦਾਨੀ ਮਹਾਂਪੁਰਖਾਂ ਦੇ ਅਥਵਾ ਉਨ੍ਹਾਂ ਦੇ ਪਰਵਾਰਾਂ ਦੇ ਨਾਮ ਦੇ ਪੱਥਰ, ਗੁਰੂ-ਘਰ ਦੀਆਂ ਦੁੱਧ-ਚਿੱਟੀਆਂ ਕੰਧਾਂ ਨੂੰ ਕਾਲੀਆਂ ਕਰਨ ਲੱਗ ਪਏ । ਕੀ ਇਸ " ਗੋਲਕ ਨੇ " ਪੰਥ ਦਾ ਨਿਆਰਾ ਮੁਖੜਾ, ਵਿਕਾਰਾਂ ਦੀ ਧੂੜ ਨਾਲ ਧੁੰਦਲਾ ਕਰਨਾ ਅਰੰਭ ਨਹੀਂ ਸੀ ਕਰ ਦਿੱਤਾ ਹੋਇਆ ਜੀ ?

ਪ੍ਰੋਹਿਤ, ਅਥਵਾ ਬਿੱਪ੍ਰ ਜਾਣਦਾ ਸੀ ਕਿ ਉਸ ਨੇ ਮਨੁ-ਸਿਮਿਰਤੀ ਆਦਿ ਧਰਮ ਗ੍ਰੰਥ ਦੀ ਵਰਤੋਂ ਨਾਲ, ਜੰਤਾ ਵਿਚ ਇਹ ਧਾਰਮਿਕ ਵਿਸ਼ਵਾਸ਼ ਬਣਾ ਦਿੱਤਾ ਹੋਇਆ ਹੈ, ਕਿ, ਦਾਨ ਦੇ ਪਦਾਰਥਾਂ ਦੀ ਵਰਤੋਂ ਕੇਵਲ ਅਤੇ ਕੇਵਲ ਬ੍ਰਾਹਮਣ ਹੀ ਕਰ ਸਕਦਾ ਹੈ । ਇਸ ਲਈ ਮੰਦਰਾਂ ਵਿਚ ਲੱਗੇ ਮਾਇਆ ਦੇ ਢੇਰਾਂ ਨੇ ਹਿੰਦੂ ਕੌਮ ਵਿਚ ਧੜੇਬੰਦੀ ਨਾ ਬਣਾਈ । ਵਿਦਵਾਨ ਬ੍ਰਾਹਮਣ ਜਾਣਦਾ ਸੀ ਗੋਲਕ ਰੂਪ ਮਾਇਆ ਨੇ ਸਿੱਖ ਪੰਥ ਨੂੰ ਆਚਰਨ-ਹੀਨ ਵੀ ਕਰਨਾ ਹੈ, ਅਤੇ ਲੀਰੋ ਲੀਰ ਵੀ ਕਰ ਦੇਣਾ ਹੈ । ਦੂਰ-ਦ੍ਰਿਸ਼ਟ ਪਰਮ ਗਿਆਨੀ ਬਿੱਪ੍ਰ ਜੀ ਦਾ ਅਨੁਮਾਨ ਪੂਰਨ ਰੂਪ ਵਿਚ ਸੱਚ ਸਿੱਧ ਹੋਇਆ । A ' ਗੋਲਕ ਰੂਪ ਮਾਇਆ ਨਾਗਨੀ ਨੇ ਪੰਥ ਦੇ ਨਿਆਰੇ ਆਚਰਨ ਵਿਚ ਗਿਰਾਵਟ ਲਿਆਉਣ ਵਿਚ ਖੁਲ੍ਹਾ ਹਿੱਸਾ ਪਾਇਆ । ਏਸੇ ਗੋਲਕ ਦੀ ਮਾਇਆ ਨੇ ਹੀ, ਗੁਰੂ ਘਰਾਂ ਦੇ ਪ੍ਰਬੰਧਕਾਂ ਵਿਚ ਈਰਖਾ, ਨਿੰਦਿਆ, ਆਪਸੀ ਘਿਰਣਾ, ਝਗੜੇ, ਚੌਧਰ ਦੀ ਭੁੱਖ ਆਦਿ, ਜਿਹੇ ਔਗਣ ਵਧਾਏ, ਅਤੇ ਨਿਸ਼ਕਾਮਤਾ ਵਾਲੀ ਭਵਨਾਂ ਦਾ ਖ਼ਾਤਮਾ ਕਰ ਕੇ ਰੱਖ ਦਿੱਤਾ । ਗੁਰੂ ਦਰਬਾਰ ਵਿਚ ਹੀ ਜੂਤ ਪਤਾਨ ਕਰਨਾ ਅਰੰਭ ਕਰ ਦੇਣ ਤੱਕ ਦੀ ਗਿਰਾਵਟ, ਚੋਰੀ, ਬੇਈਮਾਨੀ, ਆਚਰਨ ਹੀਣਤਾ ਆਦਿ ਦੀ ਬਿਮਾਰੀ ਲਿਆ ਵਾੜੀ " A । ਜਦ ਧਰਮ ਅਸਥਾਨਾਂ ਦੇ ਪ੍ਰਬੰਧਕਾਂ ਵਿਚ ਅਜੇਹੀ ਗਿਰਾਵਟ ਆ ਵੜੀ ਤਾਂ, ਸਮੁਚਾ ਪੰਥ ਇਨ੍ਹਾਂ ਐਬਾਂ ਦੇ ਪ੍ਰਭਾਵ ਤੋਂ ਕਿਵੇਂ ਬਚਿਆ ਰਹਿ ਸਕਦਾ ਸੀ ?

**ਸਤਿਕਾਰ ਜੋਗ ਟੌਹੜਾ ਸਾਹਿਬ ਜੀਓ !** A ਤੋਂ A ਸਤਰਾਂ, ਸ਼ਾਇਦ ਆਪ ਜੀ ਦੇ ਪਾਵਨ ਪਵਿਤ੍ਰ ਮਨ ਨੂੰ ਬੁਰੀਆਂ ਨਾ ਲੱਗ ਜਾਣ ਅਤੇ ਕਿਤੇ ਤੁਸੀਂ ਇਸ ਨੂੰ ਅੱਤ-ਕਥਨੀ ਹੀ ਨਾ ਸਮਝ ਲਵੋਂ । ਇਸ ਲਈ ਸੈਂਕੜਿਆਂ ਵਿਚੋਂ ਕੁਝ ਉਦਾਹਣਾ, ਕੇਵਲ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਦੇ ਆਚਰਨ ਪ੍ਰਤੀ ਹੀ ਲਿਖਣ ਦੀ ਆਗਿਆ ਮੰਗਦਾ ਹਾਂ:--

(੧) ੧੯੮੩ ਵਿਚ ਦਰਬਾਰ ਸਾਹਿਬ ਕਮੇਟੀ ਦਾ ਮੀਤ ਮੈਨੇਜਰ ਭਾਈ ਮਨਜੀਤ ਸਿੰਘ (ਸਪੁੱਤਰ ਬਾਬਾ ਕਰਤਾਰ ਸਿੰਘ ਭਿੰਡਰਾਂ ਵਾਲੇ) ਸਨ। ਹਰਮੰਦਰ ਸਾਹਿਬ ਦੀ ਗੋਲਕ ਦੀ ਮਾਇਆ ਦੀ ਗਿਣਤੀ ਕਰਨ ਸਮੇ ਇੱਕ ਸੇਵਾਦਾਰ ਨੇ ੫੦੦ ਦਮੜਾ ਲੁਕਾ ਲਿਆ ਜਿਸ ਨੂੰ ਭਾਈ ਮਨਜੀਤ ਸਿੰਘ ਨੇ ਰੰਗੇ ਹੱਥੀਂ ਫੜ ਕੇ ਉਸ ਨੂੰ Suspend ਕਰ ਦਿੱਤਾ । ਉਸ ਨੂੰ ਬਹਾਲ ਕਰਾਵਾਉਣ ਲਈ ਦਾਸ ਦੀ ਹਾਜ਼ਰੀ ਵਿਚ ਸ: ਸੁੱਚਾ ਸਿੱਘ ਛੋਟੇ ਪੁਰੀਏ ਕੋਲ ਸਫ਼ਾਰਸ਼ ਪੁੱਜੀ ਸੀ । ਉਸ ਬਾਰੇ ਆਪ ਜੀ ਨੂੰ ਪੂਰਾ ਗਿਆਨ ਹੋਣਾ ਕੁਦਰਤੀ ਗੱਲ ਸੀ । ਪਤਾ

ਨਹੀਂ ਕਦੋਂ ਅਤੇ ਕਿਸ ਹਾਲਾਤ ਅਧੀਨ ਉਸ ਨੂੰ ਬਹਾਲ ਕੀਤਾ ਗਿਆ ਸੀ ? ਕਿ ਜਾਂ ........

(੨) ਦਾਸ ਨੇ ਅੱਗੇ S.G.P.C. ਦੇ ਸਕੱਤਰ ਸਹਿਬ, ਭਾਈ ਹਰਿੰਦਰ ਸਿੰਘ ਜੀ ਨੂੰ ਭੇਜੀ ਚਿੱਠੀ ਵਿਚ ਵੀ ਲਿਖਆ ਸੀ ਕਿ ਗੁਰੂ ਰਾਮਦਾਸ ਜੀ ਦੇ ਲੰਗਰ ਦੇ ਲਾਂਗਰੀਆਂ ਵਿਰੁੱਧ ਸ਼ਕਾਇਤਾਂ ਹਨ, ਕਿ ਉਹ ਕਈਆਂ ਗ਼ਰੀਬੜਿਆਂ ਦੀ ਸਹਾਇਤਾ ਦੇ ਬਹਾਨੇ, ਹੋਟਲਾਂ ਤੋਂ ਲਏ ਜਾਂਦੇ ਮਹੀਨੇ ਨਾਲੋਂ ਅਧੀ ਰਕਮ ਲੈ ਕੇ ਲੰਗਰ ਵਿਚੋ ਲਗਾਤਾਰ ਪਰਸ਼ਾਦੇ ਛਕਾਈ ਰੱਖ ਕੇ ਤਕੜੀ ਰਕਮ ਹਰ ਮਹੀਨੇ ਬਣਾ ਰਹੇ ਹਨ । ਕੀ ਉਹ ਰਕਮ ਪ੍ਰਬੰਧਕਾਂ ਦੀ ਮਰਜ਼ੀ ਨਾਲ ਹੀ ਉਗਰਾਹੀ ਜਾ ਰਹੀ ਹੈ ? ਇਸ ਚਿੱਠੀ ਦੀ ਪਹੁੰਚ ਰਸੀਦ ਮਿਤੀ ੨੬-- ੧੧-੯੨ ਨੂੰ ਪੁੱਜ ਗਈ ਸੀ । ਪਰ ਸਕੱਤਰ ਸਾਹਿਬ ਨੇ ਕੋਈ ਉੱਤਰ ਨਹੀਂ ਸੀ ਦਿੱਤਾ । ਦਾਲ ਵਿਚ ਕਾਲਖ਼ ਹੋਣ ਦਾ ਸ਼ੱਕ ਹੋਰ ਪੱਕਾ ਹੋ ਗਿਆ । ਦਰਬਾਰ ਸਾਹਿਬ ਦੀ ਹਦ ਦੇ ਅੰਦਰ ਬੀਬੀਆਂ ਨਾਂਲ ਖੇਹ ਖਾਣ ਦੀਆਂ ਘਟਨਾਵਾਂ ਆਪ ਜੀ ਦੇ ਨੋਟਸ ਵਿਚ ਵੀ ਹਨ । ਏਸੇ ਤਰ੍ਹਾਂ ਦੇ ਹੀ ਸੇਵਾਦਾਰ ਨੂੰ ਖਨੇ ਤੋਂ ਆਏ ਇਕ ਪਰਵਾਰ ਦੀ ਬੀਬੀ ਨੇ ਜਾਨੋਂ ਮਾਰ ਦਿੱਤਾ ਸੀ । ਸ਼ਇਦ ਉਸ ਬੀਬੀ ਨੂੰ ਤੁਸਾਂ ੫੦੦੦ ਰੁਪਈਆਂ ਇਨਾਮ ਦਿੱਤਾ ਸੀ । ਇਹ ਖ਼ਬਰ ਅਖ਼ਬਾਰਾਂ ਵਿਚ ਵੀ ਛਪੀ ਸੀ ।

(੩) ਜੰਡਿਆਲੇ ਗੁਰੂ ਠਾਣੇ ਦੇ ਪਿੰਡ ਕਿਲ੍ਹਾ ਰਾਏੂ ਪੁਰ ਦੇ ਬੜੇ ਬੀਬੇ-ਰਾਣੇ ਪੈਨਸ਼ਨਰ ਸੂਬੇਦਾਰ ਨੂੰ ਰਾਤ ਕੋਈ ਕਤਲ ਕਰ ਗਿਆ । ਕਾਤਲ ਦਰਬਾਰ ਸਾਹਿਬ ਕਮੇਟੀ ਦਾ ਸੇਵਾਦਾਰ ਸੀ, ਜਿਸ ਨੂੰ ਮੁਹਿੰਦਰ ਸਿੰਘ ਸਕੱਤਰ ਦੀ ਸਹਾਇਤਾ ਨਾਲ ਪੁਲਸ ਨੇ ਫੜਿਆ ਸੀ ।

(੪) ਸਤਿਗੁਰਾਂ ਦੇ ਪਾਵਨ ਲੰਗਰ ਦੀ ਗੁਰੂ ਮਰਯਾਦਾ ਹੈ ਕਿ, ਅਮੀਰ ਗ਼ਰੀਬ ਸਭ ਇੱਕ ਪੱਧਰ ਤੇ ਇੱਕ ਥਾਂ ਪੰਗਤ ਵਿਚ ਬੈਠ ਕੇ ਪਰਸ਼ਾਦ ਛਕਦੇ ਹਨ । ਗੁਰੂ ਕੇ ਲੰਗਰ ਵਿਚੋਂ ਸਮਰਾਟ ਅਕਬਰ ਨੂੰ ਵੀ ਪਰਸ਼ਾਦਾ ਤਦ ਹੀ ਮਿਲਿਆ ਸੀ ਜਦ ਉਹ ਗ਼ਰੀਬ ਸਿੱਖਾਂ ਨਾਲ ਪੰਗਤ ਵਿਚ ਬੈਠ ਕੇ ਛਕਣਾ ਮੰਨ ਗਿਆ ਸੀ । ਜਿਸ ਪਾਵਨ ਲੰਗਰ ਦੀ ਮਰਯਾਦਾ ਦੇ ਸਤਿਕਾਰ ਵਿਚ, ਸਤਿਗੁਰੂ ਜੀ ਆਪ ਵੀ ਪੰਗਤ ਵਿਚ ਬੈਠ ਕੇ, ਉਹੀ ਪਰਸ਼ਾਦ ਛਕਦੇ ਸਨ ਜੋ ਸਾਰੀ ਸੰਗਤ ਲਈ ਬਣਿਆਂ ਹੁੰਦਾ ਸੀ । ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਦੀ ਬੁੱਧ ਏਡੀ ਭ੍ਰਿਸ਼ਟ ਚੁੱਕੀ ਹੈ ਕਿ ਉਨ੍ਹਾਂ ਲਈ ਉਚੇਚੇ ਘਿਉ ਦੇ ਤੜਕੇ ਲੱਗ ਕੇ ਗੁਰੂ ਰਾਮ ਦਾਸ ਲੰਗਰ ਦੇ ਦਾਲੇ ਅਤੇ ਪਰਸ਼ਾਦੇ, ਦਫ਼ਤਰਾਂ ਵਿਚ, ਕਮਰਿਆਂ ਵਿਚ, ਕੁਰਸੀਆਂ ਤੇ, ਘਰਾਂ ਵਿਚ ਪੁੱਜ ਰਹੇ ਹੁੰਦੇ ਹਨ ਅਤੇ ਜਥੇਦਾਰਾਂ ਸਮੇਤ ਚਟਖ਼ਾਰੇ ਲਾ ਲਾ ਕੇ ਛੱਕ ਰਹੇ ਹੁੰਦੇ ਹਨ । ਜਥੇਦਾਰਾਂ ਦੇਮੇਲਊਆਂ ਦੀ ਅੱਡ੍ਰੀਆਂ ਪੰਗਤਾਂ ਦਫ਼ਤਰਾਂ ਦੇ ਕਮਰਿਆਂ ਵਿਚ ਲੱਗਦੀਆਂ ਹਨ । ਸੰਗਤ ਨਾਲ ਬੈਠ ਕੇ ਲੰਗਰ ਛਕਣਾ, ਸ਼ਾਇਦ ਹੱਤਕ ਮੰਨੀ ਜਾਂਦੀ ਹੈ । ਬਾਹਰ ਦੇ ਗੁਰੂ ਘਰਾਂ ਦੇ ਲੰਗਰ ਵੀ ਫਿਰ ਕਿਵੇਂ ਪਿਕਨਿਕ ਪਾਰਟੀਆਂ ਦੀ ਸ਼ਕਲ ਅਖ਼ਤਿਆਰ ਨਾ ਕਰਦੇ । ਨਾਨਕ ਸਰੀਆਂ ਨੇ ਤਾਂ ਗੁਰੂ ਕੇ ਲੰਗਰ ਦੀ ਮਰਯਾਦਾ ਦਾ ਉਕਾ ਭੋਗ ਹੀ ਪਾ ਦਿੱਤਾ ਹੈ । ਗੁਰੂ ਘਰ ਦੀ ਮਰਯਾਦਾ ਦੀ ਪਾਵਨਤਾ ਨੂੰ ਬਚਾਈ ਰੱਖਣ ਦੀ ਜ਼ਿਮੇਵਾਰੀ ਵਾਲੇ ਸਰਬ-ਉਚ ਜਥੇਦਾਰ ਵਿਚ ਏਨੀ ਹਿੰਮੱਤ ਨਹੀਂ ਰਹਿ ਚੁੱਕੀ, ਕਿ ਉਨ੍ਹਾਂ (ਨਾਨਕ ਸਰੀਆਂ) ਨੂੰ ਤਨਖਾਹੀਏ ਘੋਸ਼ਤ ਕਰਕੇ ਪੰਥ ਵਿਚੋਂ ਖ਼ਾਰਜ ਕਰ ਸਕੇ । ਕੀ ਖ਼ਾਲਸੇ ਦੇ ਆਚਰਨ ਵਿਚ ਆ ਚੁੱਕੀ ਗਿਰਾਵਟ ਦੀ ਇਹ ਸਿਖ਼ਰ ਨਹੀਂ ਹੈ ਜੀ ?

[ ਨੋਟ:--ਕਈ ਇਤਿਹਾਸਕ ਗੁਰੂ ਘਰਾਂ ਦੀ ਜਾਇਦਾਦ ਦੀ ਸੰਭਾਲ ਕਰਨ ਤੇ ਲੱਗੇ ਮੈਨੇਜਰਾਂ ਬਾਰੇ ਅਤੇ ਫਿਰ ਉਨ੍ਹਾਂ ਦੀ ਪੜਤਾਲ ਤੇ ਲਾਏ ਇਨਸਪੈਕਟਰਾਂ ਦੇ ਆਚਰਨ ਬਾਰੇ ਦਾਸ ਕੋਲ ਸਬੂਤਾਂ ਸਮੇਤ ਕਈ ਸ਼ਕਾਇਤਾਂ ਪੁਜੀਆਂ ਹਨ । ਆਪ ਜੀ ਵਰਗੇ ਪਰਮ ਸੁਝਵਾਨ ਆਗੂ ਨੂੰ ਸੁਚੇਤ ਕਰਨ ਲਈ, ਇਸ਼ਾਰੇ ਮਾਤਰ ਏਨਾ ਜ਼ਿਕਰ ਹੀ ਕਾਫ਼ੀ ਹੈ ਉਂਜ ਜੇ ਹੁਕਮ ਹੋਇਆ ਤਾਂ ਵਿਸਥਾਰ ਨਾਲ ਲਿਖ ਭੇਜਾਂਗਾ]

(੫) ਗੁਰੂ ਦਰਬਾਰ ਵਿਚ ਲੜਾਈ ਝਗੜੇ ਦਾ ਸੱਭ ਤੋਂ ਦੁਖਦਾਈ ਸਾਕਾ ਤਾਂ ਪ੍ਰੋਫੈਸਰ ਦਰਸ਼ਨ ਸਿੰਘ ਜੀ ਦੇ ਅਕਾਲ ਤਖ਼ਤ ਸਾਹਿਬ ਤੋਂ ਅਸਤੀਫ਼ੇ ਵਾਲੀ ਘਟਣਾ ਨਾਲ ਜੁੜਿਆ ਹੋਇਆ ਹੈ । ਉਂਜ ਸ਼ਾਇਦ ਹੀ ਕੋਈ ਅਜੇਹਾ ਗੁਰਦੁਆਰਾ ਸਹਿਬ ਹੋਵੇ ਜਿੱਥੇ ਦੀ ਕਮੇਟੀ ਵਿਚ ਸੱਖ਼ਤ ਧੜੇਬੰਦੀ ਨਾ ਹੋਵੇ ਅਤੇ ਗੁਰੂ ਦਰਬਾਰ ਦੇ ਵਿਚ ਹੀ ਜੂਤ ਪਤਾਨ ਨਾ ਹੋਇਆ ਹੋਵੇ । ਇਹ ਸਾਰੀ ਗਿਰਾਵਟ ਦਸਵੰਧ ਪ੍ਰਥਾ ਦੇ ਥਾਂ ਗੋਲਕ-ਪ੍ਰਥਾ ਦੇ ਆ ਵੜਨ ਨਾਲ ਹੀ ਆ ਰਹੀ ਹੈ । ਅਮਰੀਕਾ ਕੈਨੇਡਾ, ਇੰਗਲੈਂਡ, ਆਦਿ ਵਿਦੇਸ਼ੀ ਰਾਜਾਂ ਵਿਚਲੇ ਗੁਰੂ ਘਰਾਂ ਵਿਚ ਜੋ ਭਾਣੇ ਵਰਤਦੇ ਹਨ ਉਨ੍ਹਾਂ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪ ਕੇ ਖ਼ਾਲਸੇ ਦੇ ਨਿਆਰੇ ਆਚਰਨ ਦਾ ਮੌਜੂ ਉਡਾ ਰਹੀਆਂ ਹੁੰਦੀਆਂ ਹਨ।

(੬) ਜਥੇਦਾਰ ਮਨਜੀਤ ਸਿੰਘ ਜੀ ਕਲਕੱਤਾ, ੧੯੮੪ ਵਿਚ ਵੈਨਕੂਵਰ (ਕੇਨੇਡਾ) ਪਧਾਰੇ ਸਨ । ਉਸ ਵੇਲੇ ਅਜੀਤ ਸਿੰਘ ਸੰਘੇੜਾ ਕਮੇਟੀ ਦੇ ਮੈਂਬਰ ਸਨ । ਜਦੋਂ ਕਿਤੇ ਗੁਰੂ ਘਰਾਂ ਦੇ ਪਰਬੰਧ ਵਿਚ ਆ ਰਹੀ ਗਿਰਾਵਟ ਦੀ ਗੱਲ ਤੁਰੇ ਤਾਂ ਅਜੀਤ ਸਿੰਘ ਜੀ ਸੰਘੇੜਾ, ਕਈ ਗੁਰਸਿੱਖਾਂ ਦੇ ਇਕੱਠ ਵਿਚ ਬੜੀ ਗਰਮੀ ਨਾਲ ਦੱਸਿਆ ਕਰਦੇ ਹਨ-- " ਕਲਕੱਤਾ ਸਾਹਿਬ ਨੂੰ ਸ਼ਹਿਰ ਵਿਖਾਲਣ ਦੀ ਸੇਵਾ ਸਮੇਂ ਉਨ੍ਹਾਂ ਨੇ ਮੈਥੋਂ ਪੁਛਿਆ ਕਿ ਨੀਊਯਾਰਕ ਵਿਚ ਤਾਂ ਡਾਂਸ ਕਲੱਬਾਂ (Dance clubs) ਬੜੀਆਂ ਹਨ, ਕੀ ਏਥੇ ਵੀ ਹਨ ? ਫਿਰ ਕਿਹਾ ਕਿ ਜੀਊਣਾ ਤਾਂ ਗੋਰਿਆਂ ਦਾ ਹੈ । ਸਿੱਖ ਵਿਚਾਰੇ ਤਾਂ ਬੜੀ ਛਾਲ ਮਾਰਨ ਤਾਂ ਗੁਰਦੁਆਰੇ ਆ ਵੜਦੇ ਹਨ । ਮੈਂ ਕਿਹਾ, " ਕਲਕੱਤਾ ਸਾਹਿਬ ਜੀ ! ਕੀ ਗੁਰਦੁਆਰੇ ਆਉਣਾ ਕੱਲਬਾਂ ਵਿਚ ਜਾਣ ਨਾਲੋਂ ਮਾੜਾ ਕਰਮ ਹੈ ? ਤਾਂ ਗੱਲ ਟਾਲ ਗਏ " । (ਭਾਵ ਇਹ ਕਿ ਜੇ ਅਜੀਤ ਸਿੰਘ ਵੀ ਤਮਾਸ਼ਬੀਨ ਹੁੰਦਾ ਤਾਂ ਕਲਕੱਤਾ ਜੀ ਪਤਾ ਨਹੀਂ ਕਿਸ ਰੰਗ ਵਿਚ ਅੱਪੜ ਜਾਂਦੇ ) । ਅਜੀਤ ਸਿੰਘ ਨੇ ਹੋਰ ਇਹ ਦੱਸਿਆ ਕਿ " ਸ਼ਾਇਦ ਉਨ੍ਹਾਂ ਦੀ ਕਿਸੇ ਅਜੇਹੀ ਕ੍ਰਿਸ਼ਨ-ਲੀਲ੍ਹਾ ਦੇ ਕਾਰਨ, ਉਨ੍ਹਾਂ ਨੂੰ ਭੇਟਾ ਕੀਤਾ ਜਾਣ ਵਾਲੇ ਛੇ ਹਜ਼ਾਰ ਡਾਲਰ ($੬੦੦੦) ਦਾ ਚੈਕ ਕੈਰਬੂ ਵਾਲਿਆਂ ਨੇ Cancel ਕਰ ਦਿੱਤਾ ਸੀ । ਦਸ਼ਮੇਸ਼ ਜੀ ਦੇ ਪੰਥ ਦੇ ਕੇਂਦਰੀ ਜਥੇਦਾਰਾਂ ਬਾਰੇ ਅਜੇਹੀ ਝੂਠੀ ਅਫ਼ਵਾਹ ਵੀ, ਕੌਮ ਦਾ ਮੂੰਹ ਕਾਲਾ ਕਰਨ ਵਾਲੀ ਗੱਲ ਹੁੰਦੀ ਹੈ । ਸਰਬ-ਉਚ ਸੰਸਥਾ ਦੇ ਸ਼੍ਰੋਮਣੀ ਜਥੇਦਾਰ ਹੀ ਜਦ ਔਝੜੇ ਪੈ ਚੁੱਕਾ ਹੈ ਤਾਂ, ਬਾਹਰ ਦੇ ਗੁਰੂ ਘਰਾਂ ਵਿਚ ਪਰਬੰਧ ਕਿਵੇਂ ਠੀਕ ਰਹਿ ਸਕਦਾ ਹੈ ?

(੭) ਹਰਮਿੰਦਰ ਸਿੰਘ ਹੁਣਾ ਵਾਲੀ ਚਿੱਠੀ ਵਿਚ ਤਾਂ ਜ਼ਰਾ ਵੱਧ ਵਿਸਥਾਰ ਨਾਲ ਲਿਖਿਆ ਸੀ । ਇਸ਼ਾਰੇ ਮਾਤ੍ਰ ਆਪ ਜੀ ਦੀ ਸੇਵਾ ਵਿਚ ਬੇਨਤੀ ਲਿਖ ਭੇਜਣੀ ਵੀ ਜ਼ਰੂਰੀ ਹੈ ਤਾਂ ਜੋ ਤੁਸੀ ਅਸਲੀਅਤ ਬਾਰੇ ਲਿਖ ਕੇ ਭੁਲੇਖਾ ਦੂਰ ਕਰ ਸਕੋ ਤਾਂ ਜੋ ਪੁਸਤਕ ਵਿਚ ਕੋਈ ਗ਼ਲਤ ਗੱਲ ਨਾ ਛਪ ਜਾਵੇ । ਕਿਉਂਕਿ ਪੰਥ ਦੇ ਜਥੇਦਾਰ ਸਾਹਿਬਾਨ ਨਾਲ ਅਤੇ ਸੰਤਾਂ ਮਹਾਤਮਾਂ ਨਾਲ ਹੋਇਆ ਅਜੇਹਾ ਪੱਤਰ ਵਿਹਾਰ, ੧੦

ਭਾਗਾਂ ਵਾਲੀ ਇਸ ਵਿਸ਼ਾਲ ਪੁਸਤਕ ਦਾ ਹਿੱਸਾ ਬਣਨਾ ਹੈ । ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਠੀਕ ਸੇਧ ਲੈ ਕੇ ਲਾਹੇਵੰਦ ਨਿਰਣੇ ਕਰ ਸਕਿਆ ਕਰਨ ।

ਇਤਿਹਾਸਕ ਗੁਰਦੁਆਰੇ ਦੀ ਇਮਾਰਤ S.G.P.C. ਆਪਣੀ ਦੇਖ-ਰੇਖ ਵਿਚ ਨਹੀਂ ਬਣਾਉਂਦੀ। ਇਹ ਜ਼ਰੂਰੀ ਕਾਰਜ ਸਦਾ ਹੀ ਕਿਸੇ ਨਾ ਕਿਸੇ ਡੇਰੇ-ਦਾਰ ਸਾਧ ਨੂੰ ਸੌਂਪਿਆ ਜਾਂਦਾ ਹੈ। ਕੰਮ ਅਰੰਭਣ ਤੋਂ ਪਹਿਲਾਂ ਉਸ ਅਸਥਾਨ ਦੀ ਇਤਿਹਾਸਕ ਮੁਹੱਤਤਾ ਅਨੁਸਾਰ ਉਸ ਸੰਤ ਨੂੰ ਪਹਿਲਾਂ ਬੜੀ ਮੋਟੀ ਰਕਮ ਤਾਰਨੀ ਹੁੰਦੀ ਹੈ। ਸੂਚਨਾਂ ਅਨੁਸਾਰ, ਜਿਵੇਂ ਮੰਜੀ ਸਾਹਿਬ ਦਾ ਦੀਵਾਨ ਹਾਲ ਅਥਵਾ ਗੁਰੂ ਰਾਮ ਦਾਸ ਲੰਗਰ ਦੀ ਨਵੀਂ ਇਮਾਰਤ ਬਨਾਉਣੀ ਅਰੰਭ ਕਰਨ ਵਾਲੇ ਸਾਧ ਨੇ ਸੱਠ ਸੱਠ (੬੦/੬੦) ਹਜ਼ਾਰ ਦਮੜਾ ਸ਼੍ਰੋਮਣੀ ਕਮੇਟੀ ਨੂੰ ਪਹਿਲਾਂ ਭੇਟ ਕਰ ਦਿੱਤਾ ਸੀ । ਫਿਰ ਅਜੇਹੇ ਸਾਧ ਬਾਹਰ ਟੋਕਰੀ ਰੱਖ ਦਿੰਦੇ ਹਨ । ਉਦਾਰ-ਚਿਤ ਦਾਨੀ ਸਿੱਖ, ਸੋਨੇ ਦੇ ਗਹਿਣਿਆਂ ਤੋਂ ਅਰੰਭ ਹੋ ਕੇ ਨਕਦੀ, ਲੱਕੜ, ਇਟਾਂ, ਸੀਮਿੰਟ, ਲੋਹੇ ਆਦਿ ਦੇ ਟਰੱਕਾਂ ਦੇ ਟਰੱਕ ਅਤੇ ਉਂਜ ਹੱਥੀਂ ਸੇਵਾ, ਸਭ ਕੁਝ ਬੇਹਿਸਾਬਾ, ਉਸ ਸਾਧ-ਟੋਕਰੀ ਦੀ ਭੇਟਾ ਕਰੀ ਤੁਰਿਆ ਜਾਂਦਾ ਹੈ। ਜੇ ਅਜੇਹੀਆਂ ਖ਼ਬਰਾਂ ਸੱਚ ਹਨ, ਤਾਂ ਇਸ ਪਖੱ ਨੂੰ ਖੋਲ੍ਹ ਕੇ ਸਪੱਸ਼ਟ ਕਰ ਦੇਣ ਦੀ ਖੇਚਲ ਕਰ ਭੇਜਣੀ ਜੀ ਕਿ, ਕੀ ਅਜੇਹਾ ਸਭ ਕੁਝ ਗੁਰਮਤਿ ਦੇ ਅਨਕੂਲ ਹੀ ਹੈ ?

[ਨੋਟ:--ਇਸ ਵਿਚ ਜ਼ਰਾ ਜਿੰਨੀ ਵੀ ਅੱਤ-ਕਥਨੀ ਨਹੀਂ ਹੈ ਕਿ, ਅੱਜ ਤੱਕ, ਸਾਧ-ਟੋਕਰੀ ਦੀ ਭੇਟਾ ਹੋ ਚੁੱਕੇ ਧਨ ਨਾਲ ਪੰਥ ਦਾ ਬੱਚਾ ਬੱਚਾ, ਗੁਰਮਤਿ ਗਿਆਨ ਦਾ ਗਿਆਤਾ ਬਣਾਇਆ ਜਾ ਸਕਦਾ ਸੀ, ਅਥਵਾ ਗ਼ਰੀਬਾਂ ਦੀ ਰੋਜ਼ੀ ਲਈ ਕੋਈ ਲਹੇਵੰਦ Industry ਚਾਲੂ ਕੀਤੀ ਜਾ ਸਕਣੀ ਸੀ]

ਕਾਰਜ ਸਿੱਧੀ ਵਾਲੇ ਇਸ ਅਨੋਖੇ ਢੰਗ ਪ੍ਰਤੀ ਉੱਭਰ ਰਹੇ ਸ਼ੰਕੇ ਇਸ ਪ੍ਰਕਾਰ ਹਨ ਜੀ--

(ੳ) ਆਖ਼ਰ ਉਹ ਕਿਹੜੀ ਅਜੇਹੀ ਮਜਬੂਰੀ ਹੈ ਜਿਸ ਦੇ ਕਾਰਨ, ਭੇਖੀ ਸਾਧ-ਟੋਲੇ ਨੂੰ ਸੌਂਪੀ ਜਾਣ ਵਾਲੀ ਗੁਰੂਘਰਾਂ ਦੀ ਉਸਾਰੀ ਦੀ ਜਾਂ ਮੁਰੰਮਤ ਦੀ ਸੇਵਾ, S.G,P,C.ਸਿੱਧੀ ਆਪ ਹੀ ਆਪਣੀ ਨਿਗਰਾਨੀ ਹੇਠ ਨਹੀਂ ਕਰਵਾ ਸਕਦੀ ਜੀ ?

(ਅ) ਜੇ ਸਿੱਖੀ ਵਿਚ " ਡੇਰਾ-ਦਾਰ ਸਾਧ "ਪ੍ਰਵੇਸ਼ ਨਾ ਕਰ ਸਕਿਆ ਹੁੰਦਾ ਤਾਂ ਕੀ, ਧਰਮ-ਅਸਥਾਨਾ ਦੀ ਅਜੇਹੀ ਸੇਵਾ ਨਹੀਂ ਸੀ ਹੋ ਸਕਣੀ ਜੀ?

(ੲ) ਟੋਕਰੀ-ਰੂਪ ਗੋਲਕ ਦਾ ਮਾਲਕ, ਅਜੇਹਾ ਸਾਧ, ਜੇ ਗੁਰੂ-ਘਰ ਦੀ ਸੇਵਾ ਨਿਸ਼ਕਾਮ ਹੋ ਕੇ ਕਰ ਰਿਹਾ ਹੁੰਦਾ ਹੈ, ਤਾਂ ਉਸ ਨੂੰ ਹਰ ਥਾਂ ਏਡੀ ਮੋਟੀ ਰਕਮ ਅਗਾਊਂ ਤਾਰਨ ਦੀ ਕੀ ਲੋੜ ਹੈ ? ਅਤੇ ਉਹ ਇਹ ਗੱਲ ਸੰਗਤਾਂ ਨੂੰ ਕਿਉਂ ਨਹੀਂ ਦੱਸਦਾ ਕਿ ਇਹ " ਗੁੰਮ-ਰਕਮ " ਕੌਣ ਅਤੇ ਕਿਉਂ ਲੈਂਦਾ ਹੈ ?

(ਸ) ਕੀ ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਸਾਧ-ਟੋਕਰੀ ਵਿਚ ਆਉਣ ਵਾਲੀ ਬੇ-ਹਿਸਾਬੀ ਮਾਇਆ ਵਿਚੋਂ, ਸੇਵਾ ਕਰਵਾਉਣ ਵਾਲੇ ਕਾਲੀ ਕੰਬਲੀ, ਜਾਂ ਸੇਤ-ਚੋਲਿਆਂ ਵਾਲੇ ਸਾਧ-ਸੰਤ-ਮਹਾਤਮਾ-ਮਹਾਂਪੁਰਖ ਨੂੰ ਕਈ ਗੁਣਾ ਵੱਧ ਲਾਭ ਹੁੰਦਾ ਹੈ ?

(ਹ) ਕੀ ਅਜੇਹਾ ਕਾਰਾ ਕਰਨ ਵਾਲੇ ਪ੍ਰਬੰਧਕ ਸੱਜਣ ਡੇਰਾ-ਵਾਦ ਨੂੰ ਪਰਫੁੱਲਤ ਹੋਣ ਦਾ ਅਤੇ ਸ਼ਕਤੀ ਫੜਨ ਦਾ ਉਤਸ਼ਾਹ ਨਹੀਂ ਦਿੰਦੇ ਆ ਰਹੇ ? ਕੀ ਆਪ ਜੀ ਇਸ ਸਚਾਈ ਨਾਲ ਸਹਿਮਤ ਨਹੀਂ ਹੋ ਕਿ ਡੇਰਾ-ਵਾਦੀ ਸੰਤ ਟੋਲਾ, ਸਿੱਖ ਮਰਯਾਦਾ ਨੂੰ ਖ਼ਤਮ ਕਰਕੇ ਪੰਥ ਵਿਚ ਬਿੱਪ੍ਰਵਾਦ ਵਾੜੀ ਜਾ ਰਿਹਾ ਹੈ, ਅਤੇ ਜਿਸ ਤੋਂ ਗੁਰੂ-ਪੰਥ ਦਿਨੋਂ ਦਿਨ ਸਤਿਗੁਰਾਂ ਦੀ ਨਜ਼ਰ ਵਿਚ, ਹੋਰ ਤੋਂ ਹੋਰ ਬੇਪਰਤੀਤਾ ਬਣਦਾ ਜਾ ਰਿਹਾ ਹੈ--ਯਥਾ--**ਜਬ ਇਹ ਗਹੈ ਬਿੱਪ੍ਰਨ ਕੀ ਰੀਤ ਮੈਂ ਨ ਕਰੌਂ ਇਨ ਕੀ ਪਰਤੀਤਿ ॥**

(ਕ) ਸਤਿਗੁਰੂ ਨਾਨਕ ਜੀ ਦੇ ਨਾਮ ਤੇ ਬਣਨ ਵਾਲੇ ਗੁਰੂ ਘਰਾਂ ਦੀ ਨੀਹ, ਕੀ ਬੇਈਮਾਨੀ ਅਤੇ ਹੇਰਾਫੇਰੀ ਉਤੇ ਤੇ ਹੀ ਨਹੀਂ ਰੱਖੀ ਜਾ ਰਹੀ ਹੁੰਦੀ ? **ਗੋਲਕ ਦੀ ਉਪਜ**, ਅਜੇਹੀ ਕਰਤੂਤ ਦੇ ਕਾਰਨ, ਜਦ ਅਸਾਂ ਆਪਣੇ ਸਤਿਗੁਰਾਂ ਨੂੰ ਪਹਿਲਾਂ ਹੀ ਨਾਰਾਜ਼ ਕਰ ਲਿਆ ਤਾਂ, ਕੀ, ਕੇਵਲ ਅਜੇਹੀਆਂ ਆਲੀਸ਼ਾਨ ਇਮਾਰਤਾਂ ਹੀ, ਪੰਥ ਨੂੰ ਤੇਜ ਪਰਤਾਪ ਦਾ ਹੱਕਦਾਰ ਬਣਾ ਸਕਣਗੀਆਂ ਜੀ ?

(੯) ਪਰਕਰਮਾਂ ਵਿਚ ਬਾਬਾ ਦੀਪ ਸਿੰਘ ਜੀ ਦੀ ਯਾਦ ਵਿਚ ਬਣੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਉਚੇਚੇ ਤੌਰ ਤੇ ਵਡੇ ਸਾਈਜ਼ ਵਾਲਾ ਪੱਥਰ ਲਾ ਕੇ ਭੋਲੇ ਅੰਧ-ਵਿਸ਼ਵਾਸ਼ੀ ਯਾਤਰੂਆਂ ਲਈ ਪੂਜਨੀਕ ਬਣਾ ਦਿੱਤਾ ਹੋਇਆ ਹੈ । ਦਰਬਾਰ ਸਾਹਿਬ ਵਿਚ ਹੀ ਕੀ ਇਹ (ਸੂਖ਼ਸ਼ਮ-ਰੂਪ) ਪੱਥਰ ਪੂਜਾ ਨਹੀਂ ਹੈ ਜੀ ? ਗੁਰਮਤਿ ਵਿਰੋਧੀ, ਅਜੇਹਾ ਭਰਮ-ਥਾਂ ਬਣਾਉਣ ਦੀ ਰੁਚੀ ਵੀ, ਕੀ, ਗੋਲਕ ਦੀ ਹੀ ਉਪਜ ਨਹੀਂ ਹੈ ਜੀ ?

(੧੦) "ਕੀ ਇਹ ਵੀ **ਗੋਲਕ** ਦਾ ਹੀ ਚਮਤਕਾਰ ਨਹੀਂ ਹੈ ਜੀ ਕਿ ਸਤਿਗੁਰਾਂ ਦੀਆਂ ਤਸਵੀਰਾਂ ਅਤੇ ਛੋਟੇ ਅਕਾਰ ਵਿਚ ਬਣੀਆਂ ਡੱਬਿਆਂ (ਸੰਪਟਾਂ) ਵਿਚ ਬੰਦ ਸ੍ਰੀ ਦਰਬਾਰ ਸਾਹਿਬ ਦੇ ਲਾਗਿਉਂ ਹੀ ਵਿਕਣੀਆਂ ਅਰੰਭ ਹੁੰਦੀਆਂ ਹਨ । ਗੁਰਮਤਿ ਦੀ ਖੰਡਨਾਂ ਕਰਨ ਵਾਲੇ ਇਹ ਮੁਸੱਵਰ ਤੇ ਦੁਕਾਨਦਾਰ, ਕੀ, ਸ੍ਰੀ ਦਰਬਾਰ ਸਾਹਿਬ ਵਿਚਲੇ, ਉਚ ਪਦਵੀਆਂ ਵਾਲੇ ਜਥੇਦਾਰ ਸਹਿਬਾਨ ਦੇ ਹੁਕਮਨਾਮਿਆਂ ਤੋਂ ਆਕੀ ਹੋ ਕੇ ਅਜੇਹਾ ਧੰਦਾ ਕਰ ਰਹੇ ਹਨ ? ਸ਼੍ਰੋਮਨੀ ਕਮੇਟੀ ਦੇ ਪ੍ਰਿਬੰਧਕਾਂ ਦੀ ਦੇਖ-ਰੇਖ ਵਿਚ ਹੀ ਕੀ, ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣੀ ਜਾਣ ਦਾ ਉਤਸ਼ਾਹ ਨਹੀਂ ਦਿੱਤਾ ਜਾ ਰਿਹਾ ਜੀ ? ਵੈਨਕੂਵਰ ਦੇ Ross Street ਵਾਲੇ ਗੁਰਦਆਰੇ ਦੇ ਦਰਵਾਜ਼ੇ ਉਤੇ, ਬਾਹਰ ਵਾਰ, ਸ੍ਰੀ ਨਾਨਕ ਨਿਰੰਕਾਰੀ ਜੀ ਦੀ ਤਸਵੀਰ ਲੱਗੀ ਹੋਈ ਹੈ । ਜਿਸ ਤੋਂ ਅਨ-ਧਰਮੀ ਯਾਤਰੂ, ਏਹੀ ਪ੍ਰਭਾਵ ਲੈਂਦਾ ਹੈ, ਕਿ ਇਹ ਵੀ ਹਿੰਦੂ ਮੂਰਤੀ-ਪੂਜਕਾਂ ਦਾ ਹੀ ਮੰਦਰ ਹੈ । ਜਥੇਦਾਰ ਮੰਨਜੀਤ ਸਿੰਘ ਜੀ ਇਸ ਗੁਰਦੁਆਰੇ ਆਏ ਅਤੇ ਬੜੇ ਧੂਆਂ ਧਾਰ ਭਾਸ਼ਨ ਵੀ ਦਿੰਦੇ ਰਹੇ । ਪਰ, ਉਨ੍ਹਾਂ ਨੇ ਦਰਵਾਜੇ ਤੇ ਲਗੀ (ਪਹਿਰੇ ਤੇ ਖੜੀ ਅਥਵਾਂ ਅਜੇਹੇ ਪਤਵੰਤਿਆਂ ਦਾ ਸੁਆਗਤ ਕਰ ਰਹੀ ?) ਸਤਿਗੁਰਾਂ ਦੀ ਮੂਰਤੀ ਨੂੰ ਨਾ ਉਤਰਵਾਇਆ । ਕੀ ਉਨ੍ਹਾਂ ਦੀ ਇਸ ਤਰ੍ਹਾਂ ਦੀ ਅਨਗੈਹਲੀ ਨੇ, ਸਤਿਗੁਰਾਂ ਦੀਆਂ ਮੂਰਤੀਆਂ ਲਾਉਣ ਵਾਲੇ ਗੁਰਮਤਿ ਵਿਰੋਧੀ ਕਰਮ ਨੂੰ ਉਤਸ਼ਾਹ ਨਾ ਦਿੱਤਾ ਜੀ ? ਕੀ ਉਨ੍ਹਾਂ ਦਾ ਫ਼ਰਜ਼ ਨਹੀਂ ਸੀ ਬਣਦਾ ਕਿ ਉਸ ਤਸਵੀਰ ਨੂੰ ਉਤਰਵਾ ਦਿੰਦੇ ? ਜੇ ਇਸ ਤਰ੍ਹਾਂ ਸਤਿਗੁਰਾਂ ਦੀਤਸਵੀਰ ਲਾਉਣੀ ਮਨ ਮੱਤ ਸੀ ਤਾਂ ਕੀ ਇਸ ਗੁਰੂਘਰ ਵਿਚ ਆਉਣ ਵਾਲੇ ਅਤੇ ਠੀਕ ਉਸ ਤਸਵੀਰ ਦੇ ਹੇਠੋਂ ਦੀ ਲੰਘ ਕੇ ਅੰਦਰ ਜਾਣ ਵਾਲੇ, ਕੇਂਦਰੀ ਜਥੇਦਾਰ, ਅਥਵਾ ਸੰਤ ਸਿੰਘ ਮਸਕੀਨ ਜੀ ਵਰਗੇ ਸਨਮਾਨਤ ਉਪਦੇਸ਼ਕ ਤਨਖਾਹੀਏ ਨਹੀਂ ਹਨ ਜੀ ?

## ਇਸ ਤੋਂ ਵੀ ਵੱਧ ਚਿੰਤਾ ਜਨਕ ਹੋਰ ਵਿਸ਼ੇ

**੪=** ਕੇਵਲ ਇੱਕ ਅਕਾਲ ਦੇ ਪੁਜਾਰੀ ਹੋਣ ਦਾ ਸਿੱਖੀ ਦਾ ਦਾਅਵਾ, ੩੩ ਕ੍ਰੋੜ ਦੇਵੀ ਦੇਵਤਿਆਂ ਦੇ ਪੁਜਾਰੀ, ਬਿੱਪ੍ਰ ਨੂੰ ਕੰਡੇ ਵਾਂਗ ਰੜਕ ਰਿਹਾ

ਸੀ । ਸਿਖੀ ਦੇ ਇਸ ਨਿਸਚੇ ਨੂੰ ਭੰਗ ਕਰ ਦੇਣ ਦੀ ਯੋਜਨਾ ਘੜੀ ਰੱਖਣ ਵਾਲੇ ਬਿੱਪ੍ਰ ਦਾ ਚੇਲਾ, **ਸਿੱਖ-ਧਰਮ ਅਸਥਾਨਾਂ ਦਾ ਸੰਚਾਲਕ ਅਤੇ ਪ੍ਰਬੰਧਕ ਬਣ ਚੁੱਕਾ ਸੀ ।** ਬਿੱਪ੍ਰ ਜੀ ਦਾ ਨਿੱਜੀ ਤਜਰਬਾ ਸੀ ਕਿ, ਧਰਮ ਵਿਚ ਭਾਵੇ ਜਿਡਾ ਮਰਜ਼ੀ " ਝੂਠ " ਰਲਾ ਦੇਈਏ, ਇੱਕ ਦਿਨ ਉਹ ਪੂਰਨ ਸੱਚ ਬਣ ਕੇ ਪੂਜਿਆ ਜਾਣ ਲੱਗ ਪੈਂਦਾਂ ਹੈ--ਉਦਾਹਰਣ ਵਜੋਂ, ਬ੍ਰਾਹਮਣ ਨੇ ਇਹ ਲਿਖ ਦਿੱਤਾ ਕਿ--

(੧) ਧਰਤੀ ਨਾਲੋਂ ਲੱਖਾਂ ਗੁਣਾ ਵੱਡਾ, ਧਰਤੀ ਤੋਂ ਕ੍ਰੋੜਾਂ ਮੀਲ ਦੂਰ, ਭਿਆਨਕ ਅੱਗ ਦੇ ਗੋਲੇ, " ਸੂਰਜ " ਨੂੰ ਇੱਕ ਨਵ ਜਨਮੇ ਬੱਚੇ ਨੇ ਖਾ ਲਿਆ ਸੀ,

(੨) ਸੂਰਜ ਨਾਲ ਨਰਾਜ਼ ਹੋ ਕੇ ਇੱਕ ਪਹਾੜ ਸੂਰਜ ਦੇ ਸਾਹਮਣੇ ਆ ਖਲੋਤਾ, ਅਤੇ ਸੂਰਜ ਸੰਸਾਰ ਤੇ ਲੋ ਕਰਨ ਜੋਗਾ ਨਾ ਰਿਹਾ । ਅਤੇ ਸੂਰਜ ਦੀ ਫ਼ਰਿਆਦ ਸੁਣ ਕੇ ਸੱਤਾਂ ਸਮੁੰਦਰਾਂ ਨੂੰ ਚੂਲੀ ਨਾਲ ਪੀ ਜਾਣ ਵਾਲੇ **ਰਿਸ਼ੀ ਅਗਸਤ** ਨੇ ਉਸ ਹੰਕਾਰੀ ਪਹਾੜ ਦੇ ਸਿਖ੍ਰ ਤੇ ਪੁਜ ਕੇ ਅੱਡੀ ਮਾਰੀ ਤਾਂ ਉਹ ਚੀਕਾਂ ਮਾਰਦਾ ਹੋਇਆ ਧਰਤੀ ਵਿਚ ਧਸ ਗਿਆ, ਅਤੇ ਸੂਰਜ ਸੁਰਖਰੂ ਹੋ ਕੇ ਸੰਸਾਰ ਤੇ ਚਮਕਣ ਜੋਗਾ ਬਣਿਆਂ ।

(੩) ਸਾਵਿਤ੍ਰੀ ਬੀਬੀ ਨੇ ਪਤੀ ਦੇ ਮਰ ਜਾਣ ਤੇ, ਸੂਰਜ ਨੂੰ ਉਨਾ ਚਿਰ ਨਾ ਚੜ੍ਹਨ ਦਿੱਤਾ ਜਿੰਨਾ ਚਿਰ ਉਸ ਦਾ ਪਤੀ ਸੱਤਯਾਵਾਨ ਜੀਉਂਦਾ ਨਾ ਹੋਇਆ ॥ (ਹੁਣ ਸਾਰਾ ਸੰਸਾਰ ਜਾਣਦਾ ਹੈ ਕਿ ਸੂਰਜ ਧਰਤੇ ਦੇ ਕਿਸੇ ਨ ਕਿਸੇ ਥਾਂ ਤੇ ਹਰ ਸਮੇਂ ਚਮਕ ਰਿਹਾ ਹੁੰਦਾ ਹੈ, । ਭਾਵ ਆਦਿ ਕਾਲ ਤੋਂ ਸਮੁੱਚੀ ਧਰਤੀ ਤੇ ਕਦੇ ਰਾਤ ਨਹੀਂ ਪਈ । ਪਰ ਕਥਿਤ ਸਵਿਤ੍ਰੀ ਬੀਬੀ ਦੀ ਗੱਲ ਅੱਜ ਵੀ ਸੱਚੀ ਸਮਝ ਕੇ ਪੂਜੀ ਜਾਂਦੀ ਹੈ ]

(੪) ਪਹਿਲਾਂ ਇੱਕ ਰਾਖਸ਼ ਧਰਤੀ ਨੂੰ ਚੁੱਕ ਕੇ ਲੈ ਗਿਆ ਅਤੇ ਫਿਰ ਵਿਸ਼ਨੂੰ ਬਗਵਾਨ ਸੂਰ ਬਣ ਕੇ ਰਾਖਸ਼ ਕੋਲੋਂ ਧਰਤੀ ਖੋਹ ਕੇ ਆਪਣੇ ਮੂੰਹ ਵਿਚ ਚੁੱਲ ਲਿਆਏ । ਕੋਈ ਨਹੀਂ ਪੁੱਛਦਾ ਕਿ ਜਦ ਧਰਤੀ ਚੱਕ ਲਈ ਸੀ ਤਾਂ ਰਾਖਸ਼ ਜਾਂ ਵਰਾਹ-ਅਵਤਾਰ ਆਪਣੇ ਪੈਰ ਕਿਸ ਵਸਤੂ ਉਤੇ ਰੱਖ ਕੇ ਦੌੜਦੇ ਜਾਂ ਤੁਰਦੇ ਸਨ । ਏਡਾ ਕੋਰਾ ਝੂਠ ਸੱਚ ਸਮਝ ਕੇ ਅੱਜ ਵੀ ਪੂਜਿਆ ਜਾਂਦਾ ਹੈ ।

(੫) ਪਹਾੜ ਤੋਂ ਮਰਜ਼ੀ ਦੀ ਚਾਕੀ ਕੱਢ ਕੇ ਪਹਾੜੀ ਸਮਤੇ ਉਡ ਲੇ ਸਮੁੰਦਰੋਂ ਪਾਰ ਰਾਤ ਰਾਤ ਜਾ ਪੁੱਜਣ ਵਾਲਾ ਹਨੂੰਮਾਨ ਰੋਜ਼ ਹੀ ਅਕਾਸ਼ ਗੰਗਾ (Milky way) ਵਿਚ ਇਸ਼ਨਾਨ ਕਰਦਾ ਹੈ । ਅਜੇਹਾ ਕਈ ਕੁਝ, ਸਮੇ ਦੇ ਗੇੜ ਨਾਲ ਨਿਰਾ ਸੱਚ ਹੀ ਨਹੀਂ ਬਣ ਗਿਆ, ਸਗੋਂ ਕਲਪਤ ਕੁਫ਼ਰ-ਕਹਾਣੀਆਂ ਦੀ ਲਿਖਤ ਦੇ ਅਧਾਰ ਤੇ, ਮਨੋਕਾਮਨਾਂ ਪੂਰੀਆਂ ਕਰਨ ਵਾਲੇ ਕਈ ਤੀਰਥ-ਅਸਥਾਨ ਬਣ ਗਏ ।

ਏਸੇ ਤਜਰਬੇ ਨੂੰ ਮੁੱਖ ਰੱਖ ਕੇ ਬਿੱਪ੍ਰੀ ਚੇਲਿਆਂ ਦੀ ਯੋਜਨਾਂ ਨੇ ਖ਼ਤਰਨਾਕ ਮੋੜ ਖਾਧਾ, ਅਤੇ ਫੈਸਲਾ ਹੋਇਆ ਕਿ **ਜੇ ਝੂਠ ਦੀ ਪੂਜਾ ਦਾ ਅੱਡਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹੀ ਬਣਾ ਦਿੱਤਾ ਜਾਵੇ ਤਾਂ, ਸਾਰੇ ਦਾ ਸਾਰਾ ਸਿੱਖ-ਜਗਤ, " ਝੂਠ ਦਾ ਪੁਜਾਰੀ " ਬਣਨੋ ਕਦੇ ਨਹੀਂ ਬਚ ਸਕਦਾ ।** ਇੱਕ ਅਕਾਲ ਦੀ ਪੂਜਾ ਵਾਲਾ ਇਨ੍ਹਾਂ ਦਾ ਨਾਅਰਾ ਝੂਠਾ ਅਤੇ ਖੋਖਲਾ ਸਿੱਧ ਹੋ ਸਕੇਗਾ । ਫਿਰ ਲੋੜ ਪੈਣ ਤੇ ਏਹੀ **ਝੂਠ-ਪੂਜਾ** ਵਾਲਾ ਧਰਮ-ਕਰਮ, ਸਿੱਖ ਨੂੰ ਹਿੰਦੂ ਸਿੱਧ ਕਰਨ ਵਿਚ ਸਹਾਈ ਹੋ ਸਕੇਗਾ "।

ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੇ ਕੰਢੇ ਬੇਰੀਆਂ ਦੇ ਰੁਖਾਂ ਨੂੰ ਅਤੇ ਸਰੋਵਰ ਦੇ ਜਲ ਨੂੰ, ਮਨੋਕਾਮਨਾਂ ਪੂਰੀਆਂ ਕਰਨ ਵਾਲੇ ਬਣਾ ਦੇਣਾ ਬੜੀ ਸੌਖੀ ਗੱਲ ਜਾਪੀ । ਬੇਰੀ ਨੂੰ ' ਦੁਖਭੰਜਨੀ ' ਸਿੱਧ ਕਰਨ ਲਈ ਕੋਹੜੇ ਨਾਲ ਵਿਆਹੀ ਜਾਣ ਵਾਲੀ ਫ਼ਰਜ਼ੀ " ਰਜਨੀ " ਦੀ ਕਹਾਣੀ ਘੜੀ । ਮਹਾਰਾਜਾ ਕੈਥਲ ਉਦੇਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਲਿਖਣ ਵਿਚ ਭਾਈ ਸੰਤੋਖ ਸਿੰਘ ਜੀ ਦੇ ਨਾਲ ਜਿਹੜੇ ਪੰਜ ਬ੍ਰਾਹਮਣ ਲਾਏ ਹੋਏ ਸਨ ਉਨ੍ਹਾਂ ਨੇ ਉਹ ਸਾਖੀ ਗੁਰ ਪਰਤਾਪ ਸੂਰਜ ਗ੍ਰੰਥ ਵਿਚ ਜੜ ਦਿੱਤੀ । ਗੁਰਮਤਿ-ਗਿਆਨ ਤੋਂ ਸੱਖਣੇ, ਸ਼ਰਧਾਲੂ ਸਿੱਖ ਨੇ ਪੁਜਾਰੀਆਂ ਦੇ ਜਾਲ ਵਿਚ ਫ਼ਸ ਕੇ, ਕੋਹੜ ਵਰਗੇ ਰੋਗ ਨੂੰ ਦੂਰ ਕਰ ਸਕਣ ਵਾਲੀਆਂ, ਅਥਵਾ ਮਨੋਕਾਮਨਾਂ ਪੂਰੀਆਂ ਕਰਨ ਵਾਲੀਆਂ, ਇੱਕ ਦੇ ਥਾਂ ਦੋ ਦੁਖਭੰਜਨੀ ਬੇਰੀਆਂ ਮੰਨ ਲਈਆਂ । ਸਮੇਂ ਨਾਲ ਪ੍ਰਬੰਧਕਾਂ ਨੇ ਇੱਕ ਬੇਰੀ ਨੂੰ ਬੀਬੀਆਂ ਦੇ ਇਸ਼ਨਾਨ ਲਈ ਬਣੇ ਪੋਣੇ ਦੀ ਵਲਗਨ ਵਿਚ ਲੈ ਲਿਆ । ਮਨੁਖਾਂ ਦੇ ਰੋਗਾਂ ਨੂੰ ਬਾਹਰ ਵਾਲੀ ਬੇਰੀ ਦੂਰ ਕਰਨ ਲੱਗ ਪਈ, ਅਤੇ ਪੋਣੇ ਦੇ ਅੰਦਰ ਵਾਲੀ ਬੇਰੀ ਬੀਬੀਆਂ ਦੀਆਂ ਸੱਧਰਾਂ ਪੂਰੀਆਂ ਕਰਨ ਵਾਲੀ ਬਣ ਗਈ । ਸਤਿਗੁਰਾਂ ਦੇ ਦਰਸ਼ਨਾਂ ਦੀ ਸਿੱਕ ਘੱਟ ਕੇ, ਬੇਰੀ ਹੇਠਲੇ ਜਲ ਵਿਚ ਇਸ਼ਨਾਨ ਕਰਕੇ ਆਪਣੇ ਦੁਖਾਂ ਦਾ ਨਾਸ ਕਰ ਲੈਣ ਦਾ ਭਰਮ, ਬਹੁਤਾ ਜ਼ੋਰ ਫੜ ਗਿਆ । ਗੋਲਕ ਦਾ ਢਿਡ ਛੇਤੀ ਛੇਤੀ ਭਰਨਾਂ ਅਰੰਭ ਹੋ ਗਿਆ । ਪੁਜਾਰੀਆਂ ਦੇ ਵਾਰੇ-ਨਿਆਰੇ ਹੋਣ ਲੱਗ ਪਏ । ਮਾਇਆ ਦੇ ਢੇਰਾਂ ਨੇ ਉਨ੍ਹਾਂ ਦੀ ਬੁੱਧ ਹੋਰ ਭ੍ਰਿਸ਼ਟ ਕੀਤੀ ਅਤੇ ਹਰਮੰਦਰ ਸਾਹਿਬ ਵਿਖੇ ਕਈ ਅਸੁਖਾਵੇਂ ਉਪੱਦਰ ਹੋਏ । ਪ੍ਰਕਰਮਾ ਵਿਚ ਸੱਤ ਥਾਵਾਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਵੀ ਰੱਖ ਦਿਤੀਆਂ ।

ਕਥਿਤ ਰਜਨੀ ਨੇ ਆਪਣੇ ਕੋਹੜੇ ਪਤੀ ਦੀ ਟੋਕਰੀ ਦੋਹਾਂ ਬੇਰੀਆਂ ਦੀ ਛਾਵੇਂ ਤਾਂ ਰੱਖੀ ਹੀ ਨਹੀਂ ਸੀ । ਦੋਹਾਂ ਵਿਚੋਂ ਅਸਲੀ ਬੇਰੀ ਕਿਹੜੀ ਹੈ ? ਬ੍ਰਾਹਮਣੀ ਮਾਇਆ ਵਿਚ ਫ਼ਸੇ, ਅਗਿਆਨੀ ਲੋਕਾਂ ਦੀ ਸ਼ਰਧਾ ਨੇ ਅਜੇਹਾ ਵੇਰਵਾ ਕਰਵਾਉਣ ਦੀ ਲੋੜ ਮੁਕਾ ਦਿੱਤੀ । ਗੁਰੂ ਨਾਨਕ ਜੀ ਦਾ ਸਿੱਖ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦਾ ਪੁਜਾਰੀ ਤਾਂ ਨਾਂ ਬਣਿਆਂ, ਪਰ ਬੇਰੀ ਅਤੇ ਜਲ ਦਾ ਪੁਜਾਰੀ ਜ਼ਰੂਰ ਬਣ ਗਿਆ । ਗੁਰਦੇਵ ਜੀ ਤਾਂ ਕੇਵਲ ਅਕਾਲਪੁਰਖ ਨੂੰ ਹੀ ਬਾਰ ਬਾਰ ਦੁਖਭੰਜਨ ਕਹਿ ਰਹੇ ਹਨ--**ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥** [੨੧੮], **ਦੁਖ ਭੰਜਨ ਨਿਧਾਨ ਅਮੋਲੇ ॥ ਨਿਰਭਉ ਨਿਰਵੈਰ ਅਥਾਹ ਅਤੋਲੇ ॥** [੯੯], **ਗੋਪਾਲ ਦਾਮੋਦਰ ਦੀਨ ਦਇਆਲ ॥ ਦੁਖ ਭੰਜਨ ਪੂਰਨ ਕਿਰਪਾਲ ॥** [੨੯੫], **ਦੁਖ ਭੰਜਨ ਜਗਜੀਵਨ ਹਰਿ ਰਾਇਆ ॥** [੭੪੧], **ਦੁਖ ਭੰਜਨੁ ਤਾ ਕਾ ਹੈ ਨਾਉ ॥ ਸੁਖ ਪਾਵਹਿ ਤਿਸ ਕੇ ਗੁਣ ਗਾਉ ॥ ੩ ॥** [੧੧੪੬], (ਆਪ ਜੀ ਜਾਣਦੇ ਹੀ ਹੋ ਕਿ ਗੁਰਬਾਣੀ ਵਿਚ ਅਜੇਹੇ ਕੇਵਲ ਇਹ ਪੰਜਾਂ ਗੁਰੂ ਫ਼ੁਰਮਾਨ ਹੀ ਨਹੀਂ ਹਨ) ਪਰ ਗੁਰਬਾਣੀ ਤੋਂ ਸਿੱਖ ਨੂੰ, ਸਤਿਗੁਰਾਂ ਦੇ ਬਚਨਾਂ ਦੀ ਸੂਝ ਕੌਣ ਕਰਾਉਂਦਾ ? ਧਾਰਮਿਕ ਆਗੂ ਆਪ ਹੀ ਤਾਂ ਸਿੱਖ ਨੂੰ ਕਰਾਹੇ ਪਾ ਰਿਹਾ ਸੀ । ਬਿੱਪ੍ਰੀ ਮਾਇਆ ਜਾਲ ਵਿਚ ਫ਼ਸਿਆ, ਉਸੇ ਅਨੂਪਮ ਗੁਰੂ ਦਾ ਸਿੱਖ, ਬੇਰੀ ਨੂੰ ਦੁੱਖ ਭੰਜਨੀ ਮੰਨ ਬੈਠਾ । ਮਹੰਤਾਂ ਮਗਰੋਂ, ਅਕਾਲੀ ਲੀਡਰਸ਼ਿਪ ਦੇ ਥਾਪੇ ਹੋਏ ਪ੍ਰਬੰਧਕ ਵੀ ਗੋਲਕ-ਰੂਪੀ ' ਲਕਸ਼ਮੀ ਦੇਵੀ " ਦੇ ਪੁਜਾਰੀ ਬਣ ਗਏ । ਇਨ੍ਹਾਂ ਕੇਸਾ, ਧਾਰੀ ਅਤੇ ਪੰਜ ਕਕਾਰੀ ਪ੍ਰਬੰਧਕਾਂ ਨੇ ਉਸੇ ਥਾਂ ਸਤਿਗੁਰਾਂ ਦਾ ਪਰਕਾਸ਼ ਕਰਕੇ (ਗੁਰੂ ਬਾਣੀ ਦੇ **ਹੁਕਮਾਂ ਦੀ ਉਲੰਘਣਾ** ਕਰਦਿਆਂ ਹੋਇਆਂ) ਉਸੇ ਗੁਰੂ-ਬਾਣੀ ਦੇ ਮੰਤ੍ਰ ਪਾਠਾਂ ਦੁਆਰਾ ਮਾਇਆ ਉਗਰਾਹੁਣੀ ਅਰੰਭ ਕਰ ਦੇਣ ਦਾ ਉਘਰ ਪਾਪ ਕਰਨ ਦਾ ਅੱਡਾ ਸ੍ਰੀ ਹਰਿਮੰਦਰ ਸਾਹਿਬ ਨੂੰ ਹੀ ਥਾਪ ਲਿਆ--" **ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰ ਮਿਲਣ ਕੈ ਤਾਈ, ਪ੍ਰਭ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥** [੮੩੮]-੫ [**ਸੀਗਰ**--ਧਾਰਮਿਕ ਭੇਖ, ਚਿੱਟੇ ਬਸਤਰਾਂ ਵਿਚ ਲਪੇਟੇ ਸੀਰਰਾਂ ਤੇ ਸਜਾਏ ਪੰਜ ਕਕਾਰ, ਤੇ ਖੰਡੇ ਚੱਕਰ ਆਦਿ]

ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਪਸ਼ੂ ਪੰਖੀਆਂ ਦੇ ਸੁਭਾਅ ਕੁਦਰਤ ਨੇ ਪੱਕੇ ਨੇਮ ਬੱਧ ਬਣਾਏ ਹਨ । ਕੁਤੱਾ ਕਦੇ ਨਹੀਂ ਚਾਹੁੰਦਾ ਕਿ

ਉਹ ਸ਼ੇਰ ਬਣ ਜਾਏ, ਸ਼ੇਰ ਕਦੇ ਨਹੀਂ ਲੋਚਦਾ ਕਿ ਉਹ ਹੋਰ ਵੀ ਵੱਧ ਸ਼ਕਤੀ ਸ਼ਾਲੀ ਹਾਥੀ ਬਣ ਜਾਏ, ਜਾਂ ਦੁਰਗੰਧ ਖਿਲਾਰਨ ਵਾਲੀ ਸ਼ੇਰ-ਦੇਹ ਤੋਂ ਸੋਹਣਾ ਲੱਗਣ ਵਾਲਾ ਮੋਰ ਬਣ ਜਾਏ । ਸੂਰ ਗੰਦ ਨਾਲ ਢਿਡ ਭਰ ਕੇ ਸੰਤੁਸ਼ਟ ਹੈ, ਪਰ ਉਹ ਗਾਂਈਂ ਬਣ ਜਾਣ ਦਾ ਸੁਪਨਾ ਕਦੇ ਨਹੀਂ ਲੈਂਦਾ । ਏਸੇ ਤਰ੍ਹਾਂ ਅੰਮ੍ਰਿਤ-ਪਦਾਰਥ ਛੱਡ ਕੇ " **ਕਾਂ** " ਆਪਣੀ ਚੁੰਝ ਗੰਦ ਵਿਚ ਮਾਰੀ ਰੱਖ ਕੇ ਸੰਤੁਸ਼ਟ ਹੈ--**ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥** [੪੯੨} " ਕਾਂ " ਹੰਸ ਬਣਨ ਦੀ ਲੋਚਨਾਂ ਕਦੇ ਕਰ ਹੀ ਨਹੀਂ ਸਕਦਾ । ਕੁਦਰਤ ਨੇ ਜੋ ਕੁਝ ਅਤੇ ਜਿਵੇਂ ਦੇ ਬਣਾ ਦਿੱਤੇ, **ਸਿਵਾਏ ਮਨੁੱਖ ਦੇ,** ਹੋਰ ਸਭ ਪਸ਼ੂ ਪੰਖੀ ਸੰਤੁਸ਼ਟ ਹਨ ।

ਅਕਾਲਪੁਰਖ ਨੇ, ' ਕਾਂ ' ਦਾ ਇਹ ਪੱਕਾ ਸੁਭਾਅ ਬਣਾਇਆ ਹੋਇਆ ਹੈ ਕਿ ਜੇ, ਆਪਣੀ ਬਰਾਦਰੀ ਦੇ ਕਿਸੇ ਵੀ ਕਾਂ ਦੀ ਹਾਲਤ ਵਿਗੜਦੀ ਵੇਖ ਲਏ ਤਾਂ ਉਹ ਕਾਂ, ਕਾਂ, ਦਾ ਰੌਲਾ ਪਾ ਕੇ ਕਈ ਹੋਰਨਾਂ ਕਾਂਵਾਂ ਨੂੰ ਸੁਚੇਤ ਕਰ ਦਿੰਦਾ ਹੈ । ਜੇ ਕਥਿਤ ਰਜਨੀ ਵਾਲੀ ਕਥਿਤ ਛਪੜੀ ਵਿਚ ਕਿਸੇ ਇੱਕ, ਕਾਂ ਦਾ ਰੰਗ ਵੀ ਚਿੱਟਾ ਹੋ ਜਾਂਦਾ, ਤਾਂ ਦੂਜੇ ਕਾਂਵਾਂ ਨੇ ਰੌਲਾ ਪਾ ਕੇ ਅਸਮਾਨ ਸਿਰ ਤੇ ਚੁੱਕ ਲੈਣਾ ਸੀ, ਅਤੇ ਉਸ ਛਪੜੀ ਦੇ ਨੇੜੇ ਕਿਸੇ ਕਾਂ ਨੇ ਨਹੀਂ ਸੀ ਜਾਣਾ । ਕੁਦਰਤ ਦੇ ਇਸ ਨੀਅਮ ਨੂੰ ਤੋੜ ਦੇਣਾ, ਕਿਸੇ ਵੀ **ਕਊਏ** ਦੇ ਵੱਸ ਦੀ ਗੱਲ ਨਹੀਂ ਹੈ । ਕੋਹੜ ਰੋਗ ਤੋਂ ਰਾਜ਼ੀ ਹੋ ਜਾਣ ਵਾਲੇ ਪਤੀ ਬਾਰੇ ਪਏ, ਰਜਨੀ ਦੇ ਭੁਲੇਖੇ ਨੂੰ ਦੂਰ ਕਰਨ ਲਈ ਜਿਸ ਸਤਿਗੁਰੂ ਸੱਚੇ ਪਾਤਿਸ਼ਹ ਜੀ ਦਾ ਪਾਵਨ ਨਾਮ, ਇਸ ਝੂਠੀ ਕਹਾਣੀ ਵਿਚ ਜੜਿਆ ਹੋਇਆ ਹੈ, ਉਸ ਚੌਥੇ ਗੁਰੂ ਨਾਨਕ, ਸ੍ਰੀ ਗੁਰੂ ਰਾਮਦਾਸ ਜੀ ਦਾ ਹੀ ਫ਼ੁਰਮਾਨ ਹੈ,--" **ਕਾਗਉ ਹੋਇ ਨ ਊਜਲਾ** " । ਪਰ, ਗੁਰੂ ਘਰਾਂ ਦੀਆਂ ਕੰਧਾਂ ਨਾਲ ਲੱਗੀਆਂ ਤਸਵੀਰਾਂ ਵਿਚ, ਛਪੜੀ ਵਿਚੋ ਇਸਨਾਨ ਕਰਨ ਵਾਲੇ ਕਾਂ ਚਿੱਟੇ ਹੋ ਹੋ ਕੇ ਉਡਦੇ, ਵੇਖ ਵੇਖ ਕੇ ਸੰਗਤਾਂ ਬਲਿਹਾਰੇ ਜਾ ਰਹੀਆਂ ਹੁੰਦੀਆਂ ਹਨ । ਗੁਰਮਤਿ ਦੀ ਖੰਡਨਾਂ ਕਰਨ ਵਾਲੇ ਅਜੇਹੇ ਕਾਰੇ ਨਿਤ ਹੋ ਰਹੇ ਹਨ, ਪਰ ਗੁਰਮਤਿ ਸਿਧਾਂਤ ਦੀ ਰਾਖੀ ਕਰਦੇ ਰਹਿਣ ਦੀ ਜ਼ਿਮੇਵਾਰੀ ਸੌਂਪਣ ਦੇ ਨਾਲ ਜਿਸ ਜਥੇਦਾਰ ਨੂੰ ਸਤਿਗੁਰਾਂ ਨੇ ਗੁਰਤਾ ਪਦਵੀ ਦੀ ਭਾਈਵਾਲੀ ਬਖ਼ਸ਼ੀ ਸੀ, ਜਿਸ ਜਥੇਦਾਰ ਨੂੰ ਕੌਮ ਦੀ ਸਰਬ ਉੱਚ ਪਦਵੀ ਦਾ ਮਾਲਕ ਬਣਾਇਆ ਸੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਪਾਵਨ ਪਦਵੀ ਸੰਭਾਲੀ ਬੈਠੇ ਜਥੇਦਾਰ ਸਾਹਿਬ ਦੇ ਕੰਨਾਂ ਤੇ ਕਦੇ ਜੂੰ ਤੱਕ ਨਹੀਂ ਸਰਕੀ । ਤਨਖ਼ਾਈਆ ਘੋਸ਼ਤ ਕਰਕੇ ਕੋਈ ਕਰੜਾ ਡੰਨ ਲਾਉਣਾ ਤਾਂ ਕਿਤੇ ਰਹਿ ਗਿਆ, ਇਸ ਤਰ੍ਹਾਂ ਬਿੱਪ੍ਰਨ ਕੀ ਰੀਤ, ਪੰਥ ਵਿਚ ਵਾੜੀ ਜਾਣ ਵਾਲਿਆਂ ਨੂੰ ਕਦੇ ਕੋਈ ਤਾੜਨਾ-ਪੱਤ੍ਰ (Directive) ਵੀ ਕਦੇ ਜਾਰੀ ਨਹੀ ਕੀਤਾ । ਗੁਰਮਤਿ ਗਿਆਨ ਤੋਂ ਜਾਣੂੰ ਕਰਾ ਕੇ ਲੋਕਾਂ ਦੇ ਮਨਾਂ ਵਿਚੋਂ ਅਜੇਹੇ ਫ਼ਜ਼ੂਲ ਭਰਮ ਨੂੰ ਕੱਢਣ ਦੇ ਥਾਂ, ਸ੍ਰੀ ਦਰਬਾਰ ਸਾਹਿਬ ਜੀ ਦੇ ਪਰਬੰਧਕਾਂ ਨੇ ਸਗੋਂ ਲੋਕਾਂ ਨੂੰ ਹੋਰ ਵੇਧੇਰੇ ਭਰਮੀ ਬਣਾ ਕੇ ਲੁੱਟਣਾ ਅਰੰਭ ਕਰ ਦਿੱਤਾ । { ਇਸ ਕਥਨ ਨਾਲ ਆਪ ਜੀ ਪੂਰੀ ਤਰ੍ਹਾਂ ਸਹਿਮਤ ਹੀ ਹੋ, ਕਿ ਪੰਥਕ ਕਾਰਜਾਂ ਦੇ ਬਹਾਨੇ, ਗੋਲਕੀ-ਦਾਨ-ਪ੍ਰਥਾ ਦੁਆਰਾ ਠੱਗੀ ਮਾਰਨੀ, ਅਥਵਾ ਗੁਰੂ-ਬਾਣੀ ਦੇ ਮੰਤ੍ਰਪਾਠ ਨੂੰ ਆਮਦਨ ਦਾ ਸਾਧਨ ਬਣਾਉਣਾ, ਸਤਿਗੁਰਾਂ ਨਾਲ ਵਿਸ਼ਵਾਸ਼ ਘਾਤ ਹੈ ਅਤੇ ਗੁਰੂ ਪੰਥ ਨੂੰ ਕਮਜ਼ੋਰ ਕਰਨ ਵਾਲਾ ਦੁਸ਼ਕਰਮ ਹੈ । ਦਸਵੰਧ ਪ੍ਰਥਾ ਦੁਆਰਾ ਆਈ ਮਾਇਆ, ਗੁਰਮਤਿ ਗਿਆਨ ਦੀ ਸਿਖਲਾਈ ਲਈ ਅਥਵਾ ਗੁਰਮਤਿ ਪਰਚਾਰ ਦੇ ਨਾਲ ਪਰਉਪਕਾਰੀ ਕਾਰਜਾਂ ਲਈ ਖ਼ਰਚ ਕਰਨ ਨਾਲ ਹੀ, ਪੰਥ ਚੜ੍ਹਦੀ ਕਲਾ ਵੱਲ ਨੂੰ ਮੋੜਾ ਪਾ ਸਕਦਾ ਹੈ}

## ਬੇਰੀ-ਪੂਜਾ ਦਾ ਹੋਰ ਵੀ ਵੱਧ ਦੁਖਦਾਈ ਪੱਖ--

ਹੁਰਭਜਨ ਸਿੰਘ ਸੋਢੀ ਨੇ ਆਪਣੀ ਪੁਸਤਕ- " ਭਜਨ ਬੰਦਗੀ ਦਾ ਪ੍ਰਤਾਪ " ਦੇ ੨੫੯ ਸਫ਼ੇ ਤੋਂ ੨੬੧ ਸਫ਼ੇ ਤੱਕ, ਦੁਖ ਭੰਜਨੀ ਬੇਰੀ ਦੀ ਮਹਿਮਾਂ ਵਧਾਉਣ ਲਈ, ਕਿਸੇ ਕਾਹਲਾ ਸਿੰਘ ਦੀ ਜੀਵ-ਗਾਥਾ ਲਿਖੀ ਹੈ । ਉਸ ਲਿਖਤ ਅਨੁਸਾਰ ੪੫ ਮਨੁੱਖਾਂ ਦੇ ਕਤਲ ਦੇ ਦੋਸ਼ ਵਿਚ ਲੰਮੀ ਕੈਦ ਭੁਗਤ ਰਹੇ ਉਸ ਕਾਹਲਾ ਸਿੰਘ ਦੇ ਹਥ ਪੈਰ ਹਿਲਣੋ ਹਟ ਗਏ । ਡਾਕਟਰਾਂ ਦੀ ਸਫ਼ਾਰਸ਼ ਨਾਲ ਉਸ ਨੂੰ ਜੇਲ੍ਹ ਵਿਚੋ ਰਿਹਾ ਕਰ ਦਿੱਤਾ । ਅਕਾਲੀ ਲੀਡਰ ਕਰਤਾਰ ਸਿੰਘ ਟੱਕਰ ਨੇ ਉਸ ਦਾ ਇਲਾਜ P.G.I. ਚੰਡੀ ਗੜ੍ਹ ਕਰਵਾਉਣਾ ਚਾਹਿਆ । ਪਰ ਕਾਹਲਾ ਸਿੰਘ ਡਾਕਟਰੀ ਇਲਾਜ ਕਰਵਾਉਣਾ ਨਹੀਂ ਸੀ ਮੰਨਦਾ ਅਤੇ ਦੁਖਭੰਜਨੀ ਬੇਰੀ ਹੇਠਾ ਇਸ਼ਨਾਨ ਲਈ ਅੜਿਆ ਰਿਹਾ । ਹਰਭਜਨ ਸਿੰਘ ਸੋਢੀ ਦੇ ਆਪਣੇ ਸ਼ਬਦ ਹਨ, ਕਿ-- ' ਆਖ਼ਰ ਗੁਰਚਰਨ ਸਿੰਘ ਟੌਹੜਾ ਜੀ ਦੇ ਹੁਕਮ ਨਾਲ ੧੨ ਅਕਤੂਬਰ ੧੯੭੩ ਨੂੰ ਉਸ ਕਾਹਲਾ ਸਿੰਘ ਨੂੰ ਦੁਖਭੰਜਨੀ ਬੇਰੀ ਤੇ ਲਿਜਾਇਆ ਗਿਆ । ਸਰੋਵਰ ਦੀ ਕਾਰਸੇਵਾ ਹੋ ਰਹੀ ਸੀ ਇਸ ਕਾਰਨ, ਸਰੋਵਰ ਵਿਚ ਜਲ ਕੇਵਲ ਇੱਕ ਫ਼ੁਟ ਹੀ ਸੀ । ਸੇਵਾਦਾਰਾਂ ਨੇ ਉਸ ਨੂੰ ਪਉੜੀ ਤੋਂ ਥੱਲੇ ਲਾਹਿਆ ਤੇ ਕਾਹਲਾ ਸਿੰਘ ਜਲ ਵਿਚ ਲੇਟ ਗਿਆ । ਕੁਝ ਮਿੰਟਾਂ ਪਿਛੋਂ ਹੀ ਉਸ ਨੇ ਜੈਕਾਰਾ ਛੱਡਿਆ ਤੇ ਆਪਣੇ ਪੈਰੀਂ ਚਲ ਕੇ ਸਰੋਵਰ ਵਿਚੋਂ ਬਾਹਰ ਆ ਗਿਆ ।"

ਸਪੱਸ਼ਟ ਹੈ ਕਿ ਕਾਹਲਾ ਸਿੰਘ ਨੇ ਆਪਣੀ ਹਠ-ਚਤੁਰਾਈ ਨਾਲ ਸਾਰਿਆਂ ਨੂੰ ਉਲੂ ਬਣਾ ਲਿਆ ਸੀ । **ਕਾਤਲ ਕਾਹਲਾ ਸਿੰਘ ਦੀ ਠੱਗੀ ਨੂੰ ਸਿਰੇ ਚਾੜ੍ਹਨ ਵਾਲੀ ਬੇਰੀ, ਥੁਹੜੇ ਦਿਨਾਂ ਪਿਛੋਂ ਆਪ ਹੀ ਸੁੱਕ ਗਈ ।** ਸੱਚ ਦੇ ਦਰਬਾਰ ਵਿਚੋਂ ਝੂਠ ਦੀ ਪੂਜਾ ਦਾ ਜਿਹੜਾ ਅੱਡਾ ਅਕਾਲੀ ਲੀਡਰਾਂ ਨੇ ਵੀ ਨਹੀਂ ਸੀ ਪੁਟਿਆ, ਉਸ ਬੇਰੀ ਨੂੰ ਸੁਕਾ ਕੇ "ਵਾਹਿਗੁਰੂ ਜੀ ਨੇ " ਸਪੱਸ਼ਟ ਇਸ਼ਾਰਾ ਕਰ ਦਿੱਤਾ ਕਿ " ਮੇਰੇ ਪਰਮ ਭਗਤ ਗੁਰੂ-ਪਰਮੇਸ਼ਰ ਸ੍ਰੀ ਗੁਰੂ ਨਾਨਕ ਜੀ ਦੇ ਬਣਾਏ ਇਸ ਮਹਾਨ ਕੇਂਦ੍ਰੀ ਅਸਥਾਨ ਤੇ ਰੁਖਾਂ ਦੀ ਅਥਵਾ ਝੂਠ ਦੀ ਪੂਜਾ ਬੰਦ ਕਰੋ " । ਪਰ ਧਾਰਮਿਕ ਅਤੇ ਸਿਆਸਤ ਦਾ ਮਿਲਗੋਭਾ ਬਣ ਚੁਕਿਆ ਸਰਬ-ਉੱਚ ਪਦਵੀ ਤੇ ਬੈਠਾ ਮੁੱਖ-ਪ੍ਰਬੰਧਕ ਅਕਾਲਪੁਰਖ ਦੇ ਅਜੇਹੇ ਸੰਕੇਤ ਨੂੰ ਕੀ ਜਾਣੇ ? " ਗੋਲਕ ਰੂਪ ਮਾਇਆ " ਦੇ ਪੁਜਾਰੀ, ਪ੍ਰਬੰਧਕਾਂ ਨੂੰ ਪਰਮਾਤਮਾ ਦਾ ਇਹ ਭਾਣਾ ਨਾ ਭਾਇਆ । ਉਨ੍ਹਾਂ ਨੇ ਬਾਹਰੋਂ ਕਿਤੋਂ **ਛੋਟੀ ਜਿਹੀ ਬੇਰੀ ਦਾ ਬੂਟਾ ਪੁੱਟਿਆ ਅਤੇ ਉਸੇ ਥਾਂ ਲਿਆ ਗੱਡਿਆ** । ਸੇਵਾਦਾਰਾਂ ਦੇ ਸਨੇਹ ਹੇਠ ਪਲ ਰਿਹਾ ਬੇਰੀ ਦਾ ਬੂਟਾ ਦਿਨਾਂ ਵਿਚ ਹੀ ਰੁੱਖ ਬਣ ਗਿਆ । ਲੋਕਾਂ ਦੀਆਂ ਸੁਖਣਾ ਪੂਰੀਆਂ ਕਰਨ ਵਾਲਾ, ਉਪਕਾਰੀ ਧੰਦਾ, ਨਵੀਂ ਬੇਰੀ ਨੇ ਸਾਂਭ ਲਿਆ । ਮਰਦ-ਸ਼ਰਧਾਲੂਆਂ ਲਈ ਹੁਣ ਨਵੀਂ ਬੇਰੀ ਹੀ " ਦੱਖੁਭੰਜਨੀ " ਬਣ ਚੁੱਕੀ ਹੈ । ਪਰਬੰਧਕ ਜਥੇਦਾਰ ਸਾਹਿਬਾਨ ਨੇ ' ਸਚ " ਦੇ ਅਵਤਾਰ ਗੁਰੂ ਨਾਨਕ ਦੇਵ ਜੀ ਦੇ ਪਰਮ ਪਵਿਤ੍ਰ ਦਰਬਾਰ ਵਿਚ, ਝੂਠ ਦੀ ਪੂਜਾ ਦੇ ਬੁਢੇ ਹੋ ਚੁੱਕੇ ਅੱਡੇ ਨੂੰ, **ਬਚਪਨ ਅਤੇ ਜਵਾਨੀ** ਦੀ ਬਖ਼ਸ਼ਸ਼ ਦੁਬਾਰਾ ਕਰ ਦਿੱਤੀ । ਹਰੀ ਮੰਦਰ ਸਾਹਿਬ ਵਿਚ ਹੀ, ਮਨੁੱਖ ਨੂੰ ਲੈ ਡੁੱਬਣ ਵਾਲੇ ਬਾਕੀ ਸਾਰੇ ਅਨਰਥ ਵੀ, ਕੀ ਇਨ੍ਹਾਂ ਸੇਵਾਦਾਰਾਂ ਦੀ ਹੀ ਆਗਿਆ ਨਾਲ ਹੋ ਰਹੇ ਹਨ ? ਇਹ ਤਾਂ ਉਹੀ ਜਾਨਣ ਜਾਂ ਕਰਤਾਰ ਜਾਣੇ । ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਦਾ ਨਿਵਾਸ ਅਸਥਨ ਵੀ ਇਸ ਕੁਫ਼ਰ-ਪੂਜਾ ਦੇ ਅੱਡੇ ਤੋਂ, ਦੂਰ ਨਹੀਂ ਹੈ । ਪਰ--**ਅੰਧਾ ਆਗੂ ਜੇ ਥੀਐ ਕਿਉ ਪਾਧਰੁ**

**ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥**

ਆਪ ਜੀ ਪ੍ਰਤੀ ਦਾਸ ਦੇ ਮਨ ਵਿਚ ਅਥਾਹ ਸਤਿਕਾਰ ਹੈ । ਦਾਸ ਦਾ ਦਿਲ ਜ਼ਰਾ ਭਰ ਵੀ ਮੰਨਣ ਨੂੰ ਤਿਆਰ ਨਹੀਂ ਹੈ ਕਿ ਕਾਹਲਾ ਸਿੰਘ ਦਾ ਹੱਥ-ਠੋਕਾ ਬਣ ਕੇ ਬੇਰੀ ਨੂੰ ਦੁਖਭੰਜਨੀ ਸਮਝਣ ਵਾਲਾ ਭਰਮ ਹੋਰ ਵੀ ਪੱਕਾ ਕਰ ਦੇਣ ਵਾਲਾ, ਅਤੇ ਨਵੀ ਬੇਰੀ ਲਾ ਦੇਣ ਵਾਲਾ ਅਨਰਥ, ਆਪ ਜੀ ਦੀ ਆਗਿਆ ਨਾਲ ਹੀ ਹੋਇਆ ਹੋਵੇਗਾ । ਸਿਖੀ-ਸਿਧਾਂਤ ਦੇ ਵੈਰੀਆਂ ਵਾਲਾ ਕੰਮ, ਆਪ ਜੀ ਵਰਗੇ ਸੂਝਵਾਨ ਅਤੇ ਗੁਰਮੁਖ-ਜਥੇਦਾਰ ਸਾਹਿਬ ਕਦੇ, ਕਿਸੇ ਹਾਲਤ ਵਿਚ ਵੀ ਨਹੀਂ ਸਨ ਕਰ ਸਕਦੇ । ਆਪ ਜੀ ਤੋਂ ਕੇਵਲ ਇਸ ਨਿਰਣੇ ਦੀ ਮੰਗ ਹੀ ਹੈ ਕਿ, (੧)-- ਸਿਖੀ ਦੇ ਸਰਬ-ਉੱਚ ਪਰਮ ਪਵਿੱਤ੍ਰ ਅਸਥਾਨ ਤੇ, ਅਥਵਾ ਕੌਮ ਦੇ ਓਸ ਕੇਂਦ੍ਰੀ ਤਖ਼ਤ ਤੇ, ਜਿਥੋਂ ਧਾਰਮਿਕ ਮਸਲਿਆਂ ਪ੍ਰਤੀ ਆਖ਼ਰੀ ਫੈਸਲਾ ਦਿੱਤਾ ਜਾਣਾ ਹੁੰਦਾ ਹੈ, ਸ੍ਰੀ ਦਰਬਾਰ ਸਾਹਿਬ ਜੀ ਦੇ ਪ੍ਰਬੰਧਦਕਾਂ ਵਲੋਂ ਕੀਤਾ ਗਿਆ ਇਹ ਕਰਮ, ਕੀ ਗੁਰਮਤਿ ਦੇ ਅਨਕੂਲ ਹੈ ? (੨)- ਜੇ ਨਹੀਂ ਤਾਂ ਦੋਸ਼ੀਆਂ ਨੂੰ ਤਨਖਾਹ ਕਿਸ ਕਾਰਨ ਨਹੀਂ ਲਾਈ ਜਾ ਸਕਦੀ ਜੀ ?

**੫=** ਸਤਿਗੁਰਾਂ ਦਾ ਸਤਿਕਾਰ ਭੁੱਲ ਭੁਲਾ ਕੇ, **ਗੁਰੂ-ਬਾਣੀ ਦੀ ਗ਼ਲਤ ਵਰਤੋਂ, ਅਤੇ ਜਲ-ਪੂਜਾ ?**--

ਬ੍ਾਹਮਣ ਦੀ ਪੈਦਾ ਕੀਤੇ, ਭਿੱਟ ਅਤੇ ਛੂਤ ਛਾਤ, ਵਾਲੇ ਭਰਮ ਨੇ ਮਨੁੱਖਤਾ ਵਿਚੋਂ ਭਰਾਤਰੀ ਪ੍ਰੇਮ ਨੂੰ ਨਿਗਲ ਲਿਆ ਹੋਇਆ ਸੀ । ਸਤਿਗੁਰਾਂ ਦੇ ਲੁਆਏ ਹੋਏ ਸਰੋਵਰਾਂ ਨੇ ਇਸ ਭਰਮ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ । ਉਚ ਨੀਚ ਦੀ ਭਾਵਨਾ ਨੂੰ ਖ਼ਤਮ ਕਰਕੇ ਬ੍ਰਹਮਣ ਅਤੇ ਸੂਦਰ ਇਕ ਸਰੋਵਰ ਵਿਚ ਇਸ਼ਨਾਨ ਕਰਦੇ ਸਨ । ਇਸ਼ਨਾਨ ਕਰਦਿਆਂ ਕਈ ਵਾਰੀ ਪਾਣੀ, ਮੂੰਹ ਦੇ ਅੰਦਰੋਂ ਵੀ ਫੇਰਾ ਮਾਰ ਆਉਂਦਾ ਹੈ । ਇਸ ਤਰ੍ਹਾਂ ਇਹ ਪਾਵਨ ਸਰੋਵਰ, ਬ੍ਾਹਮਣੀ ਸੁੱਚਮ-ਭਰਮ ਦਾ ਭੋਗ ਪਾਉਣ ਦਾ ਅਸਰਦਾਰ ਸਾਧਨ ਬਣੇ । ਪਾਣੀ ਦੇ ਸਰੋਵਰ ਉਸ ਸਮੇਂ ਦੀ ਲੋੜ ਵੀ ਸਨ । ਸੋ ਇਨ੍ਹਾਂ ਉਪਕਾਰਾਂ ਦੇ ਕਾਰਨ, ਇਨ੍ਹਾਂ ਸਰੋਵਰਾਂ ਦਾ ਜਲ ਸਤਿਕਾਰ ਜੋਗ ਸੀ । ਪਰ ਚਲਾਕ ਬਿੱਪ੍ਰ ਅਥਵਾ ਵੇਲੇ ਦੀ ਸਰਕਾਰ ਦੀ ਉਪਜ, ਉਦਾਸੀ ਸਾਧੂ, ਸੰਪਰਦਾਈਏ, ਨਿਰਮਲੇ ਅਥਵਾ ਡੇਰੇਦਾਰ-ਸਾਧ-ਸੰਤ-ਮਹੰਤ ਪੁਜਾਰੀਆਂ ਨੂੰ, ਸਰੋਵਰਾਂ ਦਾ ਇਸ ਤਰ੍ਹਾਂ ਦਾ ਸਤਿਕਾਰ ਨਹੀਂ ਸੀ ਭਾਉਂਦਾ । ਇਹ ਬਿੱਪ੍ਰੀ ਟੋਲਾ, ਇਨ੍ਹਾਂ ਸਰੋਵਰਾਂ ਨੂੰ ਹਿੰਦੂਆਂ ਦੇ ਤੀਰਥਾਂ ਵਰਗੇ " ਪਾਪ ਨਾਸਕ " ਅਤੇ " ਮਨੋਕਾਮਨਾਂ ਪੂਰੀਆਂ ਕਰਨ ਵਾਲੇ " ਅਥਵਾ ਦੈਵੀ ਸ਼ਕਤੀਆਂ ਦੇ ਮਾਲਕ " ਹੋਣ ਦਾ ਭਰਮ, ਲੋਕਾਂ ਦੇ ਮਨਾਂ ਵਿਚ, ਬਣਾ ਕੇ, ਅਕਾਲਪੁਰਖ ਦੇ ਭਾਣੇ ਵਿਚ ਰਹਿਣ ਵਾਲੇ ਅਤੇ ਕੇਵਲ ਉਸੇ ਦੀ ਪੂਜਾ ਵਾਲੇ ਗੁਰਮਤਿ ਸਿਧਾਂਤ ਨੂੰ, ਵੱਧ ਤੋਂ ਵੱਧ ਠੇਸ ਪੁਚਾਉਣੀ ਲੋਚਦੇ ਸਨ ।

**ਸਤਿਕਾਰ ਜੋਗ ਟੌਹੜਾ ਸਾਹਿਬ ਜੀਓ !** ਆਪ ਜੀ ਦਾਸ ਦੀ ਇਸ ਗੱਲ ਨਾਲ ਜ਼ਰੂਰ ਸਹਿਮਤ ਹੋਵੋਗੇ ਕਿ, ਜੇ ਕਿਸੇ ਦੀ ਕਹੀ ਜਾਂ ਲਿਖੀ ਗੱਲ ਦੇ ਅਰਥ ਵਿਗਾੜ ਕੇ ਵਰਤੇ ਜਾਣ ਤਾਂ, ਉਸ ਗੱਲ ਦੇ ਕਹਿਣ ਵਾਲੇ ਦਾ, ਅਥਵਾ, ਲਿਖਣ ਵਾਲੇ ਦਾ ਮਨ ਬਹੁਤ ਦੁਖੀ ਹੁੰਦਾ ਹੈ । ਨਿਰਭਉ ਹੋ ਕੇ, ਸਬਦ ਦੇ ਅਸਲ ਨੂੰ ਭਾਵ ਵਿਗਾੜਨ ਵਾਲਾ ਮਨਮੁਖ ਹੈ--" **ਸੇ ਮਨਮਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੈ ਭੈ ਕੀ ਸਾਰ ਨ ਜਾਣਹਿ ॥ ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮ ਕਾਢਿ ਲਏਗਾ ਸਾਹਾ ਹੇ ॥ ੬ ॥ [੧੦੫੪]** ਆਪ ਜੀ ਸਹਿਮਤ ਹੋ ਕਿ ਸਤਿਗੁਰਾਂ ਦੀ ਬਾਣੀ ਦਾ ਅਸਲ ਭਾਵ ਵਿਗਾੜਨ ਵਰਗਾ,-- ਵਿਸ਼ਵਾਸ਼ਘਾਤ, ਅਕਿਰਤਘਣਤਾ ਅਥਵਾ ਉਗ੍ਰ ਪਾਪ, ਹੋਰ ਕੋਈ ਨਹੀਂ ਹੋ ਸਕਦਾ ।

ਆਪਣੇ ਮਿਥੇ ਹੋਏ ਟੀਚੇ ਨੂੰ ਸਿਰੇ ਚਾੜ੍ਹਨ ਲਈ, ਉਸ ਸਮੇਂ ਦੇ ਉਪ੍ਰੋਕਤ ਸਮੂਚੇ ਮਹੰਤ ਟੋਲੇ ਨੇ, ਗੁਰਬਾਣੀ ਦੇ ਅਰਥ ਵਿਗਾੜ ਕੇ ਪਰਚਾਰਨੇ ਅਥਵਾ ਵਰਤਣੇ, ਅਰੰਭ ਕਰ ਦਿਤੇ । ਦੂਰ-ਦ੍ਰਿਸ਼ਟ ਹੁਸ਼ਿਆਰ ਬ੍ਾਹਮਣ ਨੇ, ਧਰਮ ਪੁਸਤਕਾਂ ਨੂੰ ਪੜ੍ਹ ਕੇ ਵਿਚਾਰ ਸਕਣ ਦਾ, ਅਤੇ ਵਿਦਿਆ ਪੜ੍ਹ ਕੇ ਵਿਦਵਾਨ ਬਣ ਸਕਣ ਦਾ ਅਧਿਕਾਰ, ਆਮ ਮਨੁੱਖ ਤੋਂ ਲਗ-ਪਗ ਖੋਹ ਲਿਆ ਹੋਇਆ ਸੀ । ਪਰ ਉਸੇ ਵਿਧੀ ਨਾਲ, ਗੁਰੂ ਗ੍ਰੰਥ ਸਾਹਿਬ ਨੂੰ ਆਮ ਸਿੱਖ ਦੀ ਪਹੁੰਚ ਤੋਂ ਦੂਰ ਕਰਨਾ ਅਸੰਭਵ ਜਾਤਾ । " ਓਅੰਕਾਰ ਬਾਣੀ " ਪਾਂਡੇ ਨੂੰ ਉਪਦੇਸ਼ ਦੇਣ ਸਮੇ, ਪਾਂਡੇ ਨੂੰ ਸੰਬੋਧਨ ਕਰਕੇ ਉਚਾਰੀ ਹੈ-- " **ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥** "" ਇਸ ਟੋਲੇ ਨੇ ਉਸ ਪਾਵਨ ਬਾਣੀ ਦੀ ੪੦ਵੀ ਪਉੜੀ ਵਿਚੋਂ--**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥** " ਬਸ ਏਨੀ ਤੁਕ ਚੁਣ ਕੇ, ਪਉੜੀ ਦੇ ਅਸਲ ਭਾਵ ਨੂੰ ਵਿਗਾੜ ਕੇ ਸਿੱਖ-ਜਗਤ ਦੇ ਮਨ ਵਿਚ ਭਰਮ ਪੱਕਾ ਕਰ ਦਿੱਤਾ ਕਿ " ਇਸ ਬਾਣੀ ਨੂੰ ਵਿਚਾਰਨਾ ਸਾਡੇ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ, ਇਸ ਨੂੰ ਤਾਂ ਕੋਈ ਵਿਰਲਾ ਗੁਰਮੁਖ ਹੀ ਵਿਚਾਰ ਸਕਦਾ ਹੈ "। ਅਤੇ " ਵਿਰਲਾ ਗੁਰਮੁਖਿ " ਉਹ ਹੈ, ਜਿਸ ਦਾ ਜ਼ਿਕਰ ਜਪੁ ਸਾਹਿਬ ਦੀ ਪੰਜਵੀ ਪਉੜੀ ਹੈ---**ਗੁਰਮੁਖਿ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ ॥** ਭਾਵ, ਗੁਰਬਾਣੀ ਉਚਰਨਹਾਰ, ਸਤਿਗੁਰੂ ਜੀ ਤੋਂ ਬਿਨਾ ਗੁਰਬਾਣੀ ਕਿਸੇ ਦੀ ਸਮਝ ਵਿਚ ਆ ਹੀ ਨਹੀਂ ਸਕਦੀ । ਸੋ ਗੁਰਬਾਣੀ ਤੋਂ ਸੇਧ ਲੈ ਸਕਣੀ ਆਮ ਸਿੱਖ ਨੇ ਅਸੰਭਵ ਜਾਣ ਲਈ । ਡੇਰੇਦਾਰ, ਸਾਧ, ਸੰਤ, ਉਦਾਸੀ, ਸੰਪ੍ਰਦਾਈਏ, ਨਿਰਮਲੇ, ਮਹੰਤ, ਆਦਿ ਸਭ ਦੇ ਸਭ ਆਪ ਹੀ ਗੁਰਮੁਖਿ ਬਣ ਖਲੋਤੇ । ਫਿਰ ਗੁਰਬਾਣੀ ਦੇ ਅਰਥ, ਜਿਹੋ ਜਿਹੇ ਮਰਜ਼ੀ ਹੈ ਕਰੀ ਜਾਣ, (ਇਸ ਪੱਖੋਂ ਅਗਿਆਨੀ) ਸੰਗਤਿ ਵਿਚੋਂ, ਕਿੰਤੂ ਕਿਸ ਨੇ ਕਰਨਾ ਸੀ ? ਚੰਗੇ ਮਾੜੇ ਉਹੀ ਅਰਥ, ਸਤਿਗੁਰਾਂ ਦਾ ਆਪਣਾ ਉਪਦੇਸ਼ ਸਮਝਿਆ ਜਾਣ ਦੀ ਸ਼ਰਧਾ ਬਣਦੀ ਗਈ । ਅੱਜ ਵੀ ਲੰਮੇ ਚੋਲੇ ਵਾਲਾ ਭੇਖੀ ਡੇਰੇਦਾਰ, ਸਾਧ, ਜਿਸ ਤਰ੍ਹਾਂ ਦੇ ਮਰਜ਼ੀ ਹੈ ਗੁਰਬਾਣੀ-ਅਰਥ ਕਰੀ ਜਾਵੇ, " ਸਭ ਸਤਿ " ਮੰਨੇ ਜਾਂਦੇ ਹਨ । ਸਰੋਵਰ ਵਿਚ ਇਸ਼ਨਾਨ ਕਰਕੇ ਪਾਪਾਂ ਦਾ ਨਾਸ ਹੋ ਜਾਣ ਦਾ ਭਰਮ ਪੱਕਾ ਕਰ ਦੇਣ ਲਈ--**ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥ ੧ ॥** [੬੨੫] ਗੁਰੂ ਫ਼ੁਰਮਾਨ ਦੇ ਠੀਕ ਭਾਵ-ਅਰਥ-- ਜਿਹੜੇ ਮਨੁੱਖ ਰਾਮ ਦੇ ਦਾਸਾਂ ਦੇ ਸਰੋਵਰ ਵਿਚ (ਸਾਧ ਸੰਗਤਿ ਵਿਚ ਨਾਮ-ਅੰਮ੍ਰਿਤ ਨਾਲ ਆਤਮਕ) ਇਸ਼ਨਾਨਕਰਦੇ ਹਨ, ਉਨ੍ਹਾਂ ਦੇ (ਪਿਛਲੇ) ਕੀਤੇ ਹੋਏ ਸਾਰੇ ਪਾਪ ਲਹਿ ਜਾਂਦੇ ਹਨ । (ਹਰਿ-ਨਾਮ-ਜਲ ਨਾਲ ਆਤਮਕ) ਇਸ਼ਨਾਨ ਕਰਕੇ ਉਹ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ । ਪਰ ਇਹ ਬਖ਼ਸ਼ਸ਼ ਪੂਰੇ ਗੁਰੂ ਨੇ ਹੀ ਕੀਤੀ ਹੁੰਦੀ ਹੈ । ੧ । ਨੂੰ ਵਿਗਾੜ ਕੇ, ਗੁਰੂ ਰਾਮਦਾਸ ਜੀ ਦੇ ਬਣਾਏ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੇ ਜਲ ਵਿਚ, ਚੁੱਭੇ ਲਾਉਣ ਨਾਲ ਪਾਪਾਂ ਦੇ ਨਾਸ ਹੋ ਜਾਣ ਅਥਵਾ ਮਨੋਕਾਮਨਾਂ ਪੂਰੀਆਂ ਹੋ ਜਾਣ ਦਾ ਭਰਮ ਪੱਕਾ ਕਰ ਦਿੱਤਾ । ਸੋ ਲੋਕਾਂ ਨੇ ਇਸ਼ਨਾਨ ਸੁੱਖਣੇ ਅਰੰਭ ਕਰ ਦਿੱਤੇ । ਦਿਨਾਂ ਵਾਰਾਂ ਦੇ ਸ਼ੁੱਭ ਅਸ਼ੁਭ ਹੋਣ ਦਾ ਗੁਰਮਤਿ ਵਿਰੋਧੀ ਭਰਮ ਵੀ ਨਾਲ ਹੀ ਪੱਕਾ ਹੁੰਦਾ ਗਿਆ । ਇਹ ਬ੍ਾਹਮਣੀ ਭਰਮ ਹਰ

ਮਹੀਨੇ ਦੀ ਪਹਿਲੀ ਤਰੀਕ ਨੂੰ, ਪਾਵਨ ਗੁਰਬਾਣੀ ਦੀ ਵਰਤੋਂ ਦੇ ਨਾਲ ਹੀ, ਮੁੜ ਮੁੜ ਤਾਜ਼ਾ ਕੀਤਾ ਜਾ ਰਿਹਾ ਹੁੰਦਾ ਹੈ । ਲੋਕਾਂ ਨੇ ਮਸਿਆ, ਪੁੰਨਿਆਂ ਸੰਗਰਾਂਦ ਵਾਲੇ ਦਿਨਾਂ ਤੇ ਕੀਤੇ ਇਸ਼ਨਾਨ ਨੂੰ ਵੱਧ ਫਲ ਦਾਇਕ ਮੰਨ ਲਿਆ । ਇਨ੍ਹਾਂ ਦਿਨਾਂ ਤੇ ਇਸ਼ਨਾਨ ਕਰਨ ਵਾਲੇ ਭਰਮੀਆਂ ਦੀਆਂ ਭੀੜਾ ਵਧਨੀਆਂ ਅਰੰਭ ਹੋ ਗਈਆਂ । ਗੋਲਕ ਦਾ ਢਿੱਡ ਭਰਨ ਵਿਚ ਵੀ ਤੇਜ਼ੀ ਆ ਗਈ । ਪ੍ਰਬੰਧਕਾਂ ਦੇ ਵਾਰੇ ਨਿਆਰੇ ਹੋਣੇ ਅਰੰਭ ਹੋ ਗਏ । ਕਿਡੀ ਬਦਕਿਸਮਤੀ ਵਾਲੀ ਗੱਲ ਹੈ ਕਿ, ਨਿਆਰੇ ਖ਼ਾਲਸਾ ਜੀ ਦੀ ਕੌਮ ਦੀ ਬਹੁਗਿਣਤੀ ਨੇ, " ਰੁੱਖ " ਦੇ ਨਾਲ " ਜਲ " ਦਾ ਪੁਜਾਰੀ ਬਣਨ ਦੀ ਸਿਖਿਆ ਵੀ, ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਹੀ ਲੈਣੀ ਅਰੰਭੀ ਸੀ ।

ਪਰਮ ਸਤਿਕਾਰ ਯੋਗ ਪ੍ਰਧਾਨ ਟੌਹੜਾ ਸਾਹਿਬ ਜੀਓ ! ਆਪ ਜੀ ਦੀ ਸੇਵਾ ਵਿਚ ਇਹ ਬੇਨਤੀ ਹੈ ਕੇ ਜੇ ਅੱਜ ਦੇ ਪ੍ਰਬੰਧਕਾਂ ਵਲੋਂ ਵੀ ਸਤਿਗੁਰਾਂ ਦੇ ਇਸ ਫੁਰਮਾਨ ਨੂੰ:--

**ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥**
**ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮਪੁਰਿ ਬਾਂਧਿ ਖਰੇ ਕਾਲੰਕ ॥ ੨ ॥** [੧੩੪੮]-੨

ਵਾਧੂ ਘਾਟੂ ਅਤੇ ਬੇਲੋੜਾ ਮੰਨ ਕੇ ਸ੍ਰੀ ਦਰਬਾਰ ਸਾਹਿਬ ਦੀਆਂ ਕੰਧਾਂ ਤੇ, ਅਥਵਾ ਬੋਰਡਾਂ ਤੇ, ਉਪਰ ਗੁਰੂ-ਬਾਣੀ ਤੁਕ--**ਰਾਮਦਾਸ ਸਰੋਹਰ ਨਾਤੇ ......** ਮੋਟੇ ਮੋਟੇ ਅੱਖਰਾਂ ਵਿਚ ਲਿਖ ਕੇ, ਸੰਗਤਾਂ ਦੇ ਮਨਾਂ ਵਿਚ, ਗੁਰਮਤਿ ਦੇ ਵੈਰੀਆਂ ਵਲੋਂ ਪਾਏ ਓਸੇ ਭਰਮ ਨੂੰ ਹੀ ਪੱਕਾ ਕੀਤਾ ਜਾ ਰਿਹਾ ਹੋਵੇ, ਤਾਂ ਕੀ ਇਹ " ਪੰਥ-ਦੋਖੀ-ਮਹੰਤਾਂ " ਦੇ ਸਮੇਂ ਬਣੀ ਹਾਲਤ ਨਾਲੋਂ ਵੀ, ਕਿਤੇ ਵੱਧ ਦੁਖਦਾਈ ਸਥਿਤੀ, ਨਹੀਂ ਬਣ ਚੁੱਕੀ ਹੋਈ ? ਗੁਰਬਾਣੀ ਦੇ ਅਸਲ ਆਸ਼ੇ ਨੂੰ ਵਿਗਾੜ ਕੇ ਗੁਰੂ ਦੀਆਂ ਸੰਗਤਾਂ ਨੂੰ ਕੁਰਾਹੇ ਪਾਈ ਜਾਣ ਵਾਲੇ S.G.P.C. ਤੋਂ ' ਵੇਤਨ ' ਪਾਉਣ ਵਾਲੇ, ਅਜੋਕੇ ਪ੍ਰਬੰਧਕ ਕੀ, ਪੰਥ ਦੀ **ਨਿਆਰੀ ਹਸਤੀ ਲਈ ਵੈਰੀਆਂ ਨਾਲੋਂ ਵੀ ਕਈ ਗੁਣਾ ਵੱਧ ਖ਼ਤਰਨਾਕ ਨਾ ਹੋਏ ਜੀ ?** ਮਹੰਤ-ਟੋਲਾ ਤਾਂ ਹੈ ਹੀ ਦੁਸ਼ਮਨ ਸੀ, ਪਰ ਜਿਨ੍ਹਾਂ ਨੂੰ ਆਪਣੇ ਸਮਝਿਆ ਜਾ ਰਿਹਾ ਹੋਵੇ, ਭਲਾ ਉਹ ਦੁਸ਼ਮਨਾਂ ਵਾਲੇ ਕਾਰੇ ਕਿਉਂ ਕਰਨ ? ਦੁਸਮਣ ਦਾ ਜਾਂ ਅਗਿਆਨੀ ਦਾ ਮਾਰਿਆ ਪੱਥਰ ਏਨਾ ਦੁਖਦਾਈ ਨਹੀਂ ਹੁੰਦਾ, ਜਿੰਨਾ ਗਿਆਨੀ ਸੱਜਣ ਦੇ ਹੱਥੋਂ ਵੱਜਾ ਫੁੱਲ, ਘਾਇਲ ਕਰਦਾ ਹੈ ।

**੬=** **ਗਿਆਨੀ ਮੋਹਨ ਸਿੰਘ ਜੀ** ਨੇ ਨਿਤਨੇਮ ਦੀਆਂ ਬਾਣੀਆਂ ਦਾ ਜੋ ਗੁਟਕਾ ਮਿਤੀ ੧੦-੨-੯੨ ਤੋਂ ਸੰਗਤਾਂ ਵਿਚ ਵੰਡਨਾਂ ਅਰੰਭ ਕੀਤਾ ਹੋਇਆ ਹੈ, ਉਹ ਸਿੱਖ ਰਹਿਤ ਮਰਯਾਦਾ ਦੇ ਖਰੜੇ ਦੇ ਅਨਕੂਲ ਨਹੀਂ ਹੈ। ਸ੍ਰੀ ਦਰਬਾਰ ਸਾਹਿਬ ਦੀ ਸੇਵਾ ਵਰਗੀ ਉੱਚ ਪਦਵੀ ਤੇ ਬਿਰਾਜਮਾਨ, ਪੰਥ ਕੋਲੋਂ ਤਨਖ਼ਾਹ ਲੈਣ ਵਾਲਾ, ਜੇ ਪੰਥਕ ਮਰਯਾਦਾ ਦੀ ਵਿਰੋਧ ਵਾਲਾ ਅਜੇਹਾ ਅਪਰਾਧ ਕਰੇ, ਤਾਂ ਕੀ ਉਸ ਨੂੰ ਤਨਖਾਹੀਆਂ ਘੋਸ਼ਤ ਕਰ ਦੇਣਾ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਸ ਦੀ ਗੱਲ ਨਹੀਂ ਹੈ ? ਕੀ ਅਜੇਹੀ ਅਨਗਹਿਲੀ ਪੰਥ ਨਾਲ ਵਿਸ਼ਵਾਸ਼ਘਾਤ ਨਹੀਂ ਹੈ ? ਕੀ ਅਜੇਹਾ ਹੁੰਦਾ ਰਹਿਣ ਦੀ ਖੁੱਲ੍ਹ ਦੇਣ ਨਾਲ, ਪੰਥ ਵਿਰੋਧੀ ਤਾਕਤਾਂ ਨੂੰ ਸ਼ਕਤੀ ਦੇਣ ਵਾਲੀ ਖ਼ਤਰਨਾਕ ਭੁੱਲ (ਜਾਂ ਚਾਲ) ਨਹੀਂ ਹੈ ਜੀ ?

**੭=** ਸਰਬ ਉੱਚ ਪਦਵੀ ਦੇ ਬਿਰਾਜਮਾਨ ਸਨਮਾਨ ਜੋਗ, ਜਥੇਦਾਰ ਸਾਹਿਬ ਜੀ ਦਾ ਜ਼ਰੂਰੀ ਫ਼ਰਜ਼ ਹੈ ਕਿ ਉਹ ਉਨ੍ਹਾਂ ਕਾਰਨਾਂ ਤੋਂ ਜਾਣੂੰ ਰਹਿਣ ਲਈ ਸਦਾ ਸੁਚੇਤ ਰਹਿਣ ਜਿਨ੍ਹਾਂ ਤੋਂ ਪੰਥ ਦੇ ਧਾਰਮਿਕ ਵਿਸ਼ਵਾਸ਼ ਵਿਚ ਦਰਾੜਾਂ ਪੈ ਰਹੀਆਂ ਹੋਣ ਅਥਵਾ ਜਿਨ੍ਹਾਂ ਤੋਂ ਗੁਰਬਾਣੀ ਸਿਧਾਂਤ ਦੀ ਅਟੱਲਤਾ ਨੂੰ ਖੰਡਨ ਕੀਤਾ ਜਾ ਰਿਹਾ ਹੋਵੇ । ਇਨ੍ਹਾਂ ਜ਼ਰੂਰੀ ਮਸਲਿਆਂ ਵੱਲੋਂ ਜਥੇਦਾਰ ਸਾਹਿਬ ਜੀ ਦਾ ਅਵੇਸਲੇ ਹੋਣਾ ਸਮੁੱਚੀ ਕੌਮ ਦੀ ਬਦਕਿਸਮਤੀ ਦਾ ਮੁੱਖ ਕਾਰਨ ਬਣਦਾ ਹੈ ।

**ਗੁਰਬਾਣੀ ਸਿਧਾਂਤ ਦੇ ਗਿਆਤਾ, ਪੰਥ ਦੇ ਕਈ ਸੂਝਵਾਨ ਵਿਦਵਾਨ, ਬਚਿਤ੍ਰ ਨਾਟਕ ਅਥਵਾ ਦਸਮ ਗ੍ਰੰਥ ਨੂੰ ਬ੍ਰਾਹਮਣੀ ਕਿਰਤ ਮੰਨ ਕੇ ਪੰਥ ਦੀ ਹਸਤੀ ਲਈ ਸਖ਼ਤ ਖ਼ਤਰਾ ਮੰਨ ਰਹੇ ਹਨ । ਇਸ ਗ੍ਰੰਥ ਦੇ ਬਹੁਤ ਥੋੜੇ ਹਿੱਸੇ ਤੋਂ ਛੁੱਟ ਬਾਕੀ ਹਿੱਸਾ ਪੰਥ ਨੂੰ ਬਿੱਪ੍ਰਨ ਕੀ ਰੀਤ ਨਾਲ ਜੋੜਨ ਵਾਲਾ ਕਿਹਾ ਜਾ ਰਿਹਾ ਹੈ । ਵਿਰੋਧੀਆਂ ਦੀ ਸਰਕਾਰ ਦੀ ਆਮਦਨ ਵਧਾਉਣ ਵਾਲਾ " ਹੇਮ ਕੁੰਡ  ਤੀਰਥ ਅਸਥਾਨ " ਜੋ ਗੁਰਮਤਿ-ਸਿਧਾਂਤ ਦੀ ਭਰਪੂਰ ਖੰਡਨਾਂ ਦਾ ਪ੍ਰਤੀਕ, ਇੱਕ ਮੀਲ ਪੱਥਰ ਬਣ ਚੁੱਕਾ ਹੈ, ਵੀ ਏਸੇ ਗ੍ਰੰਥ ਦੀ ਦੇਣ ਹੈ । ਦੂਜੇ ਬੰਨੇ ਕਈ ਵਿਦਵਾਨ ਲਿਖਾਰੀ ਇਸ ਗ੍ਰੰਥ ਦੇ ਹਰ ਇੱਕ ਸ਼ਬਦ ਨੂੰ ਗੁਰੂ ਬਾਣੀ ਦੀ ਪਦਵੀ ਦੇ ਰਹੇ ਹਨ । ਅਤੇ ਇਸ ਦਸਮ-ਗੁਰੂ-ਗ੍ਰੰਥ ਸਾਹਿਬ ਦੀ ਬਾਣੀ ਦੇ, ਵਿਧੀ-ਵਤ ਪਾਠ, ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਾਂਗ ਹੀ ਕਰਦੇ ਹਨ । ਪੰਥ ਵਿਚ ਆਈ ਦੁਚਿੱਤੀ ਵਾਲੀ ਇਹ ਹਾਲਤ, ਪੰਥ ਲਈ ਸਖ਼ਤ ਖ਼ਤਰੇ ਦੀ ਘੰਟੀ ਹੈ । ਪੰਥ ਦੇ ਸਰਬਰਾਹਾਂ ਦਾ ਪਰਮ-ਧਰਮ ਬਨਦਾ ਹੈ ਕਿ ਜਿੰਨੀ ਛੇਤੀ ਹੋ ਸਕੇ, ਉਹ ਇਹ ਮਸਲਾ ਸਮੁਚੇ ਪੰਥ ਦੀ ਇਕਤਰਤਾ ਵਿਚ ਲਿਆਵੇ । ਗੁਰੂ-ਬਾਣੀ ਦੀ ਕਸੱਵਟੀ ਨੂੰ ਧੁਰਾ ਮੰਨ ਕੇ, ਨਿਰਪੱਖਤਾ ਅਤੇ ਸੁਹਿਰਦਤਾ ਨਾਲ ਹਰ ਪੱਖ ਤੇ ਵਿਚਾਰ ਕਰਕੇ ਸਾਰੇ ਪੰਥ ਲਈ ਕੇਵਲ ਇੱਕ ਗਾਡੀ-ਰਾਹ ਉਲੀਕੇ ।**

ਏਸੇ ਤਰ੍ਹਾਂ ਹੀ ਮਾਸ ਖਾਣ ਦੇ ਜਾ ਨਾ ਖਾਣ ਦੇ ਮਸਲੇ ਤੇ ਦੋਵੇਂ ਵਿਰੋਧੀ ਵਿਚਾਰਾਂ ਨੂੰ ਠੀਕ ਸਿੱਧ ਕਰਨ ਲਈ, ਗੁਰਬਾਣੀ ਵਰਤੀ ਜਾ ਰਹੀ ਹੈ । ਜੋ ਗੁਰੂ ਬਾਣੀ ਦੀ ਸ਼ਖ਼ਤ ਨਿਰਾਦਰੀ ਹੈ । ਜੇ ਅਸੀਂ ਸੰਸਾਰ ਦੀ ਇਹ ਤਸੱਲੀ ਨਹੀਂ ਕਰਾ ਸਕਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਿੱਧਾਂਤ ਦੋ ਵਿਰੋਧੀ ਵਿਚਾਰਾਂ ਵਾਲਾ ਨਹੀਂ ਹੈ, ਜੇ ਅਸੀਂ ਕਿਸੇ ਅਨ-ਧਰਮੀ ਵਿਦਵਾਨ ਦੀ ਇਹ ਤਸੱਲੀ ਨਹੀਂ ਕਰਾ ਸਕਦੇ ਕਿ ਸਤਿਗੁਰਾਂ ਦੇ ਗਿਆਨ ਦਾ ਹਰ ਇੱਕ ਪੱਖ, ਸਦੀਵੀ ਸਚਾਈ ਵਾਲਾ ਹੈ, ਤਾਂ ਅਸੀਂ ਇਸ ਸੰਸਾਰ ਵਿਚ ਆਪਣੀ ਅੱਡਰੀ ਪਛਾਣ ਨੂੰ ਬਹੁਤਾ ਸਮਾਂ ਬਚਾਈ ਨਹੀਂ ਰੱਖ ਸਕਾਂਗੇ । ਜਿਹੜਾ ਉਠਦਾ ਹੈ ਜੋ ਮਰਜ਼ੀ ਹੈ ਲਿਖ ਕੇ ਛਪਵਾਈ ਜਾ ਰਿਹਾ ਹੈ । ਲਿਖਾਰੀਆਂ, ਅਥਵਾ ਪਰਚਾਰਕਾਂ ਦੇ ਮਨ ਵਿਚ, ਸਰਬ ਉੱਚ ਜਥੇਦਾਰ ਦਾ ਇਹ ਡਰ ਹੋਣਾ ਚਾਹੀਦਾ ਹੈ ਕਿ ਜੇ ਗੁਰਮਤਿ ਦੀ ਖੰਡਨਾਂ ਵਿਚ, ਜਾਂ ਪੰਥਕ ਪਰਯਾਦਾ ਦੀ ਵਿਰੋਧਤਾ ਵਿਚ ਕੁਝ ਲਿਖਿਆ, ਜਾਂ ਪਰਚਾਰਿਆ ਤਾਂ, ਪੰਥ ਦੀ ਸਰਬ-ਉੱਚ ਅਦਾਲਤ ਵਿਚ ਹਾਜ਼ਰ ਹੋ ਜਾਣ ਦਾ ਹੁਕਨਾਮਾ ਮੇਰੇ ਨਾਮ ਤੇ ਆਇਆ ਹੀ ਸਮਝੋ । ਪੰਥ ਦੀ ਇੱਕ ਮੁੱਠਤਾ ਅਤੇ ਇੱਕ ਸੁਰਤਾ ਬਚਾਈ ਰਖਣਾ ਸਰਬ ਉੱਚ ਪਦਵੀਆਂ ਵਾਲੇ ਜਥੇਦਾਰਾਂ ਦਾ ਸਿੱਖੀ-ਧਰਮ ਹੈ ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

**੮= ਪਰਮ ਸਤਿਕਾਰ ਜੋਗ ਟੋਹੜਾ ਸਾਹਿਬ ਜੀਓ !** ਨਿਮਰਤਾ ਸਹਿਤ ਖਿਮਾਂ ਦਾਜਾਚਕ ਹਾਂ । ਇਹ ਨਿਮਾਣਾ ਦਾਸ ਆਪ ਜੀ ਦੀ ਸੇਵਾ ਵਿਚ ਅਜੇਹੇ ਦੁਖਦਾਈ ਮਸਲੇ ਕਦੇ ਨਾ ਲਿਖ ਭੇਜਦਾ ਜੇ, ਸਤਿਗੁਰੂ ਗੁਰੂ ਨਾਨਕ ਨਿਰੰਕਾਰੀ ਜੀ ਨੇ, (ਹਿਰਦੇ ਵਿਚ ਪ੍ਰਤੱਖ ਹੋ ਕੇ), ਗੁਰੂ-ਪੰਥ ਨੂੰ ਬਿੱਪ੍ਰਨ ਕੀ ਰੀਤ ਵਿਚ ਫ਼ਸਾਉਣ ਵਾਲਿਆਂ, ਗੁਪਤ ਮਘੋਰਿਆਂ ਨੂੰ ਉਜਾਗਰ ਕਰਨ ਦੀ ਅਤੇ, ਗੁਰਸਿੱਖ ਨੂੰ ਗੁਰਬਾਣੀ ਸਿਧਾਂਤ ਦੇ ਹਰ ਇੱਕ ਪੱਖ ਦੀ ਅਟੱਲਤਾ ਤੋਂ ਜਾਣੂ ਕਰਵਾਉਣ ਲਈ, ਦਾਸ ਦੀ ਸੇਵਾ ਨਾ ਲਾਈ ਹੁੰਦੀ । ਪੁਸਤਕ ਦੇ ਸਾਰੇ ਭਾਗਾਂ ਦੇ ਖਰੜੇ ਲੱਗ ਪਗ ਤਿਆਰ ਹੋ ਚੁੱਕੇ ਹਨ । ਆਪ ਜੀ ਵਲੋਂ ਸੋਧ ਪੱਤਰ ਪੁਜਦਿਆਂ ਹੀ ਉਸ ਨੂੰ ਵੀ ਇਸ ਮਹਾਨ ਗੁਰਬਾਣੀ ਸੰਗ੍ਰਹ ਦਾ ਭਾਗ ਬਣਾ ਲਿਆ ਜਾਵੇਗਾ । ਤਾਂ ਜੋ ਪਾਠਕਾਂ ਲਈ ਸਦੀਵੀ ਸੋਧ ਲੈਂਦੇ ਰਹਿਣ ਦਾ ਸਾਧਨ ਬਣ ਸਕੇ । ਜੇ ਆਪ ਜੀ ਵਲੋਂ ਸਪੱਸ਼ਟੀ ਕਰਨ ਨਾ ਆਇਆ ਤਾਂ ਫਿਰ, ਪਾਠਕਾਂ ਕੋਲ ਇਸ ਚਿੱਠੀ ਵਿਚ ਲਿਖੇ ਪੱਖ ਨੂੰ ਪੂਰਨ ਸੱਚ ਮਨ ਲੈਣ ਤੋਂ ਛੁੱਟ ਹੋਰ ਦੂਜੀ ਦਲੀਲ ਕਿਹੜੀ ਰਹਿ ਜਾਂਦੀ ਹੈ ਜੀ ।

ਜਨਵਰੀ ੧੯੮੪ ਤੋਂ ਅੱਜ ਤਾਈਂ ਦਾਸ, ਪੰਜਾਬ ਦੀ ਧਰਤੀ ਦੇ ਦਰਸ਼ਨ ਨਹੀਂ ਕਰ ਸਕਿਆ । ਵਿਦੇਸ਼ੀਂ ਵੱਸਦੇ ਲੋਕਾਂ ਵਿਚ ਕਈ ਤਰ੍ਹਾਂ ਦੀਆਂ ਦੁਖਦਾਈ ਖ਼ਬਰਾਂ, ਆਮ ' ਦੰਦ ਕਥਾ ' ਦਾ ਕਾਰਨ ਬਣਦੀਆਂ ਰਹਿੰਦੀਆਂ ਹਨ । ਏਧਰ ਦੇ ਅਖ਼ਬਾਰ ਵੀ ਕਈ ਵਾਰੀ ਬੜੀਆਂ ਚੁਭਵੀਆਂ ਖ਼ਬਰਾਂ ਛਾਪਦੇ ਰਹੇ ਹਨ । ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਵਾਲੀ, ਸਰਬ-ਉੱਚ ਪਦਵੀ ਦੀ ਜ਼ਿਮੇਵਾਰੀ ਸੌਂਪੀ ਜਾਣ ਲਈ ਉਚੇ ਜੀਵਨ ਵਾਲੇ, ਮਨੁੱਖਤਾ ਦੇ ਉੱਚ ਗੁਣਾ ਦਾ ਭੰਡਾਰ, ਗੁਰਬਾਣੀ ਸਿਧਾਂਤ ਦੇ ਹਰ ਪੱਖ ਦੇ ਪੂਰੇ ਗਿਆਤਾ, ਖ਼ਾਲਸਈ ਪਰਮਪ੍ਰਾਵਾਂ ਦੇ ਪ੍ਰਤੀਕ, ਗੁਰਮਤਿ ਮਰਯਾਦਾ ਦੀ, ਅਥਵਾ ਸੱਚ ਦੀ ਰਾਖੀ ਕਰਦਿਆਂ, ਸਭ ਕੁਝ ਵਾਰ ਦੇਣ ਵਾਲੇ ਤਿਆਗੀ ਵਿਦਵਾਨ, ਸੰਤ ਸੂਰਮੇ, ਹਸਮੁਖ, ਗੁਰਮੁਖ ਗੁਰਸਿੱਖ ਦੀ ਚੋਣ ਕਰਨੀ ਚਾਹੀਦੀ ਹੈ । ਬੜੀ ਪਰਚਲਤ ਅਫ਼ਵਾਹ ਹੈ ਕਿ ਆਪ ਜੀ ਦੇ ਪਾਵਨ ਸਰੀਰ ਤੇ ਮਾਰੂ ਹਮਲਾ ਹੋਇਆ ਤਾਂ ਥੁਹੜੇ ਦਿਨਾਂ ਉਪਰੰਤ ਆਪ ਜੀ ਨੇ ਜੇਲ੍ਹ ਵਿਚ ਬੈਠੇ ਭਾਈ ਰਣਜੀਤ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਲਈ ਨਾਮਜ਼ੱਦ ਕਰ ਦਿੱਤਾ । ਅਤੇ ਕਾਰਜਕਾਰੀ ਜਥੇਦਾਰ ਸਾਹਿਬ ਅਜੇਹੇ ਹਨ ਕਿ ਜਿਹੜੇ ਕਿਸੇ ਗ਼ਰੀਬੜੇ ਗੁਰੂ ਸੇਵਕ ਦੀ ਚਿੱਠੀ ਦਾ ਉਤਰ ਦੇਣਾ, ਸ਼ਾਇਦ ਹੱਤਕ ਮੰਨਦੇ ਹਨ ਅਤੇ ਜਾਂ ਫਿਰ ਉਨ੍ਹਾਂ ਵਿਚ ਏਨੀ ਸਮਰਥਾ ਹੀ ਨਹੀਂ ਕਿ ਗੁਰਮਤਿ ਗਿਆਨ ਦੇ ਮਸਲੇ ਤੇ ਕਿਸੇ ਦੀ ਠੀਕ ਤਸੱਲੀ ਕਰਾ ਸਕਣ । ਸੋ ਜਥੇਦਾਰ ਸਾਹਿਬ ਤਾਂ ਜੇਲ੍ਹ ਦੀਆਂ ਸੀਖਾਂ ਪਿੱਛੇ ਬਿਰਾਜੇ ਹਨ ਅਤੇ ਕਾਰਜਕਾਰੀ ਜਥੇਦਾਰ ਸਾਹਿਬ ਬਾਰੇ ਦਾਸ ਨੇ ਇਸ ਚਿੱਠੀ ਵਿਚ ਅਤੇ ਪਹਿਲੀਆਂ ਚਿਠੀਆਂ ਵਿਚ ਕਈ ਗੰਭੀਰਾ ਲਾਪਰਵਹੀਆਂ ਦਾ ਜ਼ਿਕਰ ਕੀਤਾ ਹੈ ਅਤੇ ' ਸੰਤ ਸਿਪਾਹੀ ' ਰਸਾਲੇ ਵਿਚ ਵੀ ਕਈ ਕੁਝ ਲਿਖਿਆ ਜਾ ਰਿਹਾ ਹੈ ।

ਲੋਕਾਂ ਵਿਚ ਚਰਚਾ ਚੱਲ ਪਈ ਕਿ ਮੁੱਖ ਗ੍ਰੰਥੀ ਤੋਂ ਅਰੰਭ ਹੋ ਕੇ ਕਈ ਹੋਰ ਨਿਯੁਕਤੀਆਂ ਕਰਕੇ ਟੌਹੜਾ ਸਾਹਿਬ ਜੀ, ਦੋਬਾਰਾ ਹੋਣ ਵਾਲੇ ਮਾਰੂ ਹਮਲੇ ਤੋਂ ਬਚ ਨਿਕਲੇ ਹਨ । ਭਾਵ, ਸਰਬ ਉੱਚ ਪਦਵੀ ਸੌਂਪੀ ਜਾਣ ਲਈ, ਨਿਯੁਕਤੀ ਦੀ ਚੋਣ ਲਈ, " **ਯੋਗਤਾ** " ਨਹੀਂ ਸਗੋਂ " **ਸੁਆਰਥ ਸਿੱਧੀ ਵਾਲੀ ਲੋੜ** ", ਪ੍ਰਧਾਨ ਸੀ । ਭਾਵੇਂ ਦਾਸ ਨੂੰ ਇਨ੍ਹਾਂ ਖ਼ਬਰਾਂ ਦੀ ਸਚਾਈ ਬਾਰੇ ਕੋਈ ਭਰੋਸਾ ਨਹੀਂ ਹੈ, ਪਰ ਹੇਠ ਲਿਖੀਆਂ ਉਕਤੀਆਂ ਜੁਗਤੀਆਂ ਕਰਨ ਵਾਲਿਆਂ ਨੂੰ ਕੀ ਉਤਰ ਦਿੱਤਾ ਜਾਵੇ ਜੀ ?

ਵਿਸ਼ੇਸ਼ ਕਰਕੇ ਇਸ ਸਵਾਲ ਦਾ ਉਤਰ ਕਿਥੋਂ ਲੱਭੇ ਕਿ ਭਾਈ ਰਣਜੀਤ ਸਿੰਘ ਦੀ ਵਿਦਵਤਾ ਦਾ ਮਿਆਰ ਕੀ ਹੈ ? ਅਥਵਾ, ਉਨ੍ਹਾਂ ਵਿਚ ਕਿਹੜੇ ਕਿਹੜੇ ਵਿਸ਼ੇਸ਼ ਗੁਣ ਹਨ ਜਿਨ੍ਹਾਂ ਦੇ ਕਾਰਨ, ਜੇਲ੍ਹ ਵਿਚ ਬੈਠਿਆਂ ਨੂੰ ਹੀ ਬੜੀ ਵਡੀ ਜ਼ਿਮੇਵਾਰੀ ਸੌਂਪ ਦਿੱਤੀ ਗਈ, ਜਿਸ ਨੂੰ ਨਿਭਾਉਣ ਲਈ ਸ਼ਾਇਦ ਉਹ ਕਦੋਂ ਬਾਹਰ ਆਉਣ ?

ਲੋਕਾਂ ਵਿਚ ਚਰਚਾ ਇਹ ਹੈ ਕਿ ਭਾਈ ਰਣਜੀਤ ਸਿੰਘ ਨੇ ਕਿਉਂਕਿ ੧੩ ਸਿੰਘਾਂ ਦੇ ਕਾਤਲ, ਨਿਰੰਕਾਰੀਆਂ ਦੇ ਗੁਰੂ, ਗੁਰਬਚਨ ਸਿੰਘ ਨੂੰ ਪਰਲੋਕ ਭੇਜਿਆ ਸੀ, ਇਸ ਸੇਵਾ ਦੇ ਬਦਲੇ ਇਹ ਪਦਵੀ ਦਿੱਤੀ ਗਈ ਹੈ । ਅਜੇਹੀ ਉਚ ਪਦਵੀ ਨੂੰ **ਇਨਾਮ** ਦੇ ਰੂਪ ਵਿਚ ਅਥਵਾ **ਤੁਹਫ਼ੇ ਦੇ ਤੌਰ ਤੇ** ਵਰਤਣਾ, ਆਪਣੇ ਆਪ ਵਿਚ ਹੀ ਸਤਿਗੁਰਾਂ ਨਾਲ ਅਤੇ ਪੰਥ ਨਾਲ, ਘੋਰ ਵਿਸ਼ਵਾਤ ਘਾਤ ਹੈ । ਫਿਰ ਅਕਾਲ ਉਸਤਤ ਦੇ ੭੪ਵੇਂ ਕਬਿਤ ਵਿਚ ਦਸ਼ਮੇਸ਼ ਜੀ ਦਾ ਫ਼ੁਰਮਾਨ ਹੈ ਇਸ ਪ੍ਰਕਾਰ ਹੈ--

ਨਾਰਾਇਣ ਕੱਛ ਮੱਛ, ਤੇਂਦੂਆ ਕਹਤ ਸਭ, ਕਉਲਨਾਭਿ ਕਉਲ ਜਿਹ ਤਾਲ ਮੈ ਰਹਤ ਹੈਂ ॥
ਗੋਪੀਨਾਥ ਗੂਜਰ, ਗੋਪਾਲ ਸਬੈ ਧੇਨਧਾਰੀ, ਰਿਖੀਕੇਸ ਨਾਮ ਕੈ, ਮਹੰਤ ਲਹੀਅਤ ਹੈਂ ॥
ਮਾਧਵ ਭਵਰ ਔ ਅਟੇਰੂ ਕੋ ਕਨੱਯਾ ਨਾਮ, **ਕੰਸ ਕੋ ਬਧੱਯਾ, ਜਮਦੂਤ ਕਹੀਅਤੁ ਹੈ ॥**
ਮੂੜ੍ਹ ਰੂੜਿ ਪੀਟਤ, ਨ ਗੂੜ੍ਹਤਾ ਕੋ ਭੇਦ ਪਾਵੈ, ਪੂਜਤ ਨ ਤਾਹਿ, ਜਾ ਕੇ ਰਾਖੇ ਰਹੀਅਤਤੁ ਹੈਂ ॥ ੭੪ ॥

ਭਾਵ ਕੰਸ ਨੂੰ ਮਾਰਨ ਕਰਕੇ ਜੇ ਕ੍ਰਿਸ਼ਨ ਦੀ ਸੋਭਾ ਕੀਤੀ ਜਾ ਰਹੀ ਹੈ ਤਾਂ ਕਿਸੇ ਦੀ ਜਾਨ ਲੈਣ ਵਾਲੇ ਨੂੰ ਤਾਂ ਲੋਕ ਜਮਦੂਤ ਕਹਿੰਦੇ ਹਨ । ਪੁਰਾਣਾ ਦੀ ਗਾਥਾ ਅਨੁਸਾਰ ਕੰਸ ਬੜਾ ਵਡਾ ਪਾਪੀ ਸੀ । ਉਸ ਦੇ ਜਿੰਮੇ ਬੇਅੰਤ ਮਾਸੂਮਾਂ ਦੇ ਕਤਲ ਦਾ ਦੋਸ਼ ਸੀ । ਅਤੇ ਫਿਰ ਉਹ ਲਗਾਤਾਰ ਜ਼ੁਲਮ ਤੇ ਜ਼ੁਲਮ ਕਰੀ ਜਾ ਰਿਹਾ ਸੀ । ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਲੁਕ ਛਿਪ ਕੇ ਚੋਰੀ ਅਤੇ ਵਿਸ਼ਵਾਸ਼-ਘਾਤ ਕਰਕੇ ਨਹੀਂ ਸੀ ਮਾਰਿਆ । ਭਰੇ ਮੇਲੇ ਵਿਚ ਲਲਕਾਰ ਕੇ ਮਾਰਿਆ ਸੀ । ਫਿਰ ਵੀ ਸਹਿਬਾਂ ਨੇ, ਕੰਸ ਦੇ ਮਾਰਨ ਵਾਲੇ ਕ੍ਰਿਸ਼ਨ ਦੀ ਸਿਫਤ ਕਰਨ ਦੇ ਥਾਂ ਉਸ ਨੂੰ " **ਜਮਦੂਤ** " ਫ਼ੁਰਮਾਨ ਕੀਤਾ ਹੈ । ਸੋ ਨਿਰੀ ਗੁਰਬਚਨ ਸਿੰਘ ਨੂੰ ਮਾਰ ਦੇਣ ਵਾਲਾ ਕਰਮ ਹੀ ਕਿਸੇ ਨੂੰ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੇ ਯੋਗ ਨਹੀਂ ਬਣਾਉਂਦਾ । ਫਿਰ ਜਿਸ ਹਾਲਤ ਵਿਚ ਭਾਈ ਰਣਜੀਤ ਸਿੰਘ ਜੀ ਨੇ ਇਸ ਪਦਵੀ ਨੂੰ ਸਾਂਭਣਾ ਸਵੀਕਾਰ ਕਰ ਲਿਆ ਹੈ, (ਇਸ ਪਦਵੀ ਲਈ) ਉਨ੍ਹਾਂ ਦੀ ਯੋਗਤਾ, ਕੇਵਲ ਉਸੇ ਤੋਂ ਹੀ, ਖ਼ਤਮ ਹੋ ਕੇ ਰਹਿ ਜਾਂਦੀ ਹੈ ।

ਇਸ ਮਹਾਨ ਪਦਵੀ ਵਾਲਾ ਸਿੰਘ, ਜੇ ਕਚਿਹਰੀ ਵਿਚ ਝੂਠ ਬੋਲੇ ਤਾਂ ਸਾਰਾ ਖ਼ਾਲਸਾ ਪੰਥ ਹੀ ਸਦਾ ਲਈ ਝੂਠਾ ਅਤੇ ਬੇਇਤਬਾਰ ਬਣ ਕੇ

ਰਹਿ ਜਾਂਦਾ ਹੈ । ਫਿਰ ਕਚਿਹਰੀ ਵਿਚ ਜੇ ਭਾਈ ਰਣਜੀਤ ਸਿੰਘ ਸਾਹਿਬ ਸੱਚ ਕਹਿਣ ਕਿ ਉਨ੍ਹਾਂ ਨੇ ਗੁਰਬਚਨ ਸਿੰਘ ਨੂੰ ਕਤਲ ਕੀਤਾ ਸੀ ਤਾਂ ਦੇਸ਼ ਦਾ ਕਾਨੂੰਨ ਬਨਾਉਣ ਵਾਲੀ, ਸਿੱਖੀ-ਵਿਰੋਧੀ ਹਿੰਦੂ ਸਰਕਾਰ, ਕੀ ਉਨ੍ਹਾਂ ਨੂੰ ਬਰੀ ਕਰ ਦੇਵੇਗੀ ? ਕੀ ਇਹ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਹੋਈ ਹੈ, ਕਿ ਜਾਂ, ਪੰਥ ਦੇ ਵਕਾਰ ਨੂੰ ਦਾਅ ਤੇ ਲਾ ਕੇ, ' ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਪਾ ਕੇ ' ਪੰਥ ਲਈ ਬੜੀ ਦੁਖਦਾਈ ਸਥਿਤੀ ਪੈਦਾ ਕਰ ਦੇਣ ਵਾਲੀ " ਚਤੁਰਾਈ " ਕੀਤੀ ਗਈ ਹੈ ? ਪੂਰਨ ਆਸ ਹੈ ਕਿ ਆਪ ਜੀ ਇਨ੍ਹਾਂ ਸ਼ੰਕਿਆਂ ਨੂੰ ਨਿਰਮੂਲ ਸਿੱਧ ਕਰ ਦੇਣ ਲਈ ਕੋਈ ਅਜੇਹੀ ਠੋਸ ਦਲੀਲ ਜ਼ਰੂਰ ਲਿਖ ਭੇਜੋਗੇ ਜਿਸ ਤੋਂ ਭਾਈ ਸਾਹਿਬ ਦੀ ਨਿਯੁਕਤੀ ਕਿੰਤੂਆਂ ਪ੍ਰਤੂਆਂ ਤੋਂ ਰਹਿਤ ਸਿੱਧ ਹੋ ਸਕਦੀ ਹੋਵੇ ।

## ੯= ਕੀ ਇਹ ਇੱਕ ਦੁਖਦਾਈ ਉਪੱਦਰ ਨਹੀਂ ਹੈ ਜੀ ?--

ਵੈਨਕੂਵਰ ਦੀ ਅਖ਼ਬਾਰ ' ਚੜ੍ਹਦੀ ਕਲਾ ਵਿਚ ਖ਼ਬਰ ਛਪੀ ਹੈ, (ਜਿਸ ਦੀ Cutting ਇਸ ਪੱਤਰ ਦੇ ਨਾਲ ਨੱਥੀ ਹੈ) ਜਿਸ ਦਾ ਸੰਖੇਪ ਭਾਵ ਇਹ ਹੈ ਕਿ-- "' ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ, **ਭਾਈ ਹਰਦਿਆਲ ਸਿੰਘ ਜੌਹਲ ਨੇ**, ਸ੍ਰੀ ਹਰਮੰਦਰ ਸਹਿਬ ਅੰਮ੍ਰਿਤਸਰ ਤੋ ਰੋਜ਼ਾਨਾਂ ਦਾ ਹੁਕਮਨਾਮਾ ਸੰਗਤਾਂ ਨੂੰ ਸੁਣਾਇਆ ਜਾਂਣ ਦਾ ਅਤੇ ਸੁਸਾਇਟੀ ਦੇ ਬੋਰਡ ਤੇ ਲਿਖੇ ਜਾਣ ਦਾ ਬ੍ਰਬੰਧ ਕਰਕੇ, ਨਾਰਥ ਅਮਰੀਕਾ ਦੀਆਂ ਸਮੂਹ ਸੰਗਤਾਂ ਨੂੰ **ਸਿੱਖੀ ਦੇ ਧੁਰੇ** ਸ੍ਰੀ ਹਰਮੰਦਰ ਸਾਹਿਬ ਨਾਲ ਜੋੜਨ ਦਾ ਯਤਨ (ਭਾਵ, ਵਡਾ ਉਪਕਾਰ) ਕੀਤਾ ਹੈ " ।

**ਵਡੇ ਇਤ੍ਰਾਜ਼ ਵਾਲੀ ਪਹਿਲੀ ਗੱਲ** ਇਹ ਹੈ ਕਿ " **ਸਿੱਖੀ ਦਾ ਧੁਰਾ** " ਸਰਬਕਲਾ ਭਰਪੂਰ, ਪਰਮ ਪਵਿੱਤ੍ਰ " **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਹੀ ਹਨ । **ਸ੍ਰੀ " ਦਰਬਾਰ ਸਾਹਿਬ-ਹਰਿਮੰਦਰ ਸਾਹਿਬ--ਅਕਾਲ ਤਖ਼ਤ ਸਾਹਿਬ " ਮਹਾਨ ਕੇਂਦਰੀ ਅਸਥਾਨ " ਖ਼ਾਲਸਾ ਪੰਥ** ਅਥਵਾ **ਸਿੱਖ-ਜਗਤ** ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ । ਸੁਜਾਨ ਸਤਿਗੁਰੂ ਜੀ ਜਾਣਦੇ ਸਨ ਕਿ, ਕੌਮ ਦੀ ਚੜ੍ਹਦੀ-ਕਲਾ ਵਾਲੀ ਹੋਂਦ ਲਈ, ਸਮੁਚੇ ਪੰਥ ਨੂੰ ਕੇਵਲ ਇੱਕ ਮਰਯਾਦਾ ਦਾ ਧਾਰਨੀ ਬਣਾਈ ਰੱਖਣਾ ਜ਼ਰੂਰੀ ਹੈ । ਅਤੇ " ਇੱਕ ਮਰਯਾਦਾ " ਦੀ ਪਾਲਣਾ ਵਾਲਾ ਕਾਰਜ ਤੱਦ ਹੀ ਸਫ਼ਲਤਾ ਨਾਲ ਚੱਲਣਾ ਸੰਭਵ ਹੋ ਸਕਦਾ ਸੀ, ਜੇ ਗੁਰੂ-ਪੰਥ ਵਿਚ ਪਰਸਪਰ ਪਿਆਰ ਅਤੇ ਭਰੋਸਾ-ਭਰਪੂਰ ਇਤਫ਼ਾਕ " ਬਣਿਆਂ ਰਹੇ । ਅਜੇਹਾ ਇਤਫ਼ਾਕ ਤੱਦ ਹੀ ਬਣਿਆ ਰਹਿ ਸਕਦਾ ਹੈ, ਜੇ ਸਾਰੀ ਕੌਮ ਕੇਵਲ ਅਤੇ ਕੇਵਲ **ਇੱਕ " ਕੇਂਦਰੀ ਅਸਥਾਨ "** ਨਾਲ ਜੁੜੀ ਰਹੇ । ਇਸੇ ਵਿਚਾਰ ਨਾਲ ਉਰੋਕਤ, ਕੇਂਦ੍ਰੀ ਅਸਥਾਨ ਸਿਰਜਿਆ ਸੀ । ਲਗ-ਪਗ ਸਾਰੀ ਕੌਮ ਨੂੰ ਯਾਦ ਹੈ ਕਿ ਏਸੇ ਪਾਵਨ ਪਦਵੀ ਤੇ ਬੈਠੇ ਜਥੇਦਾਰ ਸਹਿਬ ਦੇ ਹੁਕਮ ਦੀ ਪਾਲਣਾ ਵਿਚ, ਮਹਾਰਾਜਾ ਰੰਜੀਤ ਸਿੰਘ ਜੀ ਨੇ ਕੋੜੇ ਖਾਣ ਲਈ ਆਪਣੀ ਪਿੱਠ ਨੰਗੀ ਕਰ ਦਿੱਤੀ ਸੀ । ਭਾਵ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਹੁਕਮ-ਨਾਮਾ ਸਾਰੀ ਕੌਮ ਲਈ ਰੱਬੀ ਹੁਕਮ ਦੀ ਹੈਸੀਅਤ ਰੱਖਦਾ ਹੋਣਾ ਚਾਹੀਦਾ ਹੈ । ਇਸ ਮਹਾਨ ਕੇਂਦਰ ਦੇ ਜਥੇਦਾਰ ਨੇ ਵੇਖਣਾ ਸੀ ਕਿ ਪੰਥ ਕਿਤੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਦੂਰ ਨਾ ਹੋ ਜਾਵੇ । ਕੇਂਦ੍ਰੀ ਜਥੇਦਾਰ ਦੀ ਜ਼ਿਮੇਵਾਰੀ ਸੀ ਕਿ ਸਾਰਾ ਪੰਥ ਇੱਕ ਪੱਕੀ ਗੁਰ-ਮਰਯਾਦਾ ਵਿਚ ਬੱਝਾ ਰਹਿੰਦਾ । ਅੱਡਰੀ ਮਰਯਾਦਾ ਬਣਾਉਣ ਵਾਲੇ, ਵੱਡੇ ਤੋਂ ਵੱਡੇ ਭੇਖੀ ਸਾਧ ਸੰਤ ਅਥਵਾ ਡੇਰੇ ਦਾਰ ਨੂੰ ਵੀ ਝੱਟ ਪੱਟ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੁਲਾਇਆ ਜਾ ਕੇ ਯੋਗ ਪਰ ਕਰੜਾ ਡੰਡ ਦਿੱਤਾ ਜਾਂਦਾ । ਪੰਥਕ ਮਰਯਾਦਾ ਤੋਂ ਬਾਹਰੀ ਹਰ ਮਰਯਾਦਾ ਤੁਰੰਤ ਬੰਦ ਕੀਤੀ ਜਾਣ ਦੇ ਹੁਕਮਨਾਮੇ ਅਥਵਾ " ਸੋਧ ਪੱਤਰ " (Directives) ਜਾਰੀ ਕਰਦੇ ਰਹਿਣਾ, ਕੇਂਦਰੀ ਜਥੇਦਾਰ ਦਾ ਪਰਮ ਧਰਮ ਹੋਣਾ ਚਹੀਦਾ ਸੀ । ਉਸ ਪਾਸੇ ਦਾ ਹਾਲ ਤਾਂ ਇਹ ਹੈ ਕਿ ਕੇਵਲ ਪੰਜਾਬ ਹੀ, ਆਪੋ ਆਪਣੀ ਸਖਿ ਮਰਯਾਦਾ ਵਾਲੇ ਸੈਂਕੜੇ ਡੇਰੇ ਚਾਲੂ ਹੋ ਚੁੱਕੇ ਹਨ । ਕੇਂਦਰੀ ਮਰਯਾਦਾ ਨੂੰ ਕੋਈ ਵਿਰਲਾ ਹੀ ਸਿਆਣਦਾ ਹੈ । ਗੁਰਬਣੀ ਸਿਧਾਂਤ ਦੀ ਖੰਡਨਾਂ ਵਿਚ ਬੇਸ਼ਕ ਜੋ ਜੀ ਕਰਦਾ ਹੈ ਲਿਖ ਕੇ ਪੰਥ ਨੂੰ ਕੁਰਾਹੇ ਪਾਈ ਜਾਵੇ, ਕਿਸੇ ਦੇ ਸਿਰ ਕੋਈ ਕੁੰਡਾ ਨਹੀਂ ਹੈ । ਅਸਦਾਰ ਡਿੱਠ ਵਾਲੀ ਆਪਣੀ ਹੋਂਦ ਬਣਾਈ ਰੱਖਣ ਲਈ ਕੌਮ ਲਈ ਜ਼ਰੂਰੀ ਬਣਦਾ ਹੈ ਕਿ ਉਹ ਸਦਾ ਆਪਣੇ ਕੌਮੀ-ਕੇਂਦ੍ਰੀ ਅਸਥਾਨ ਨਾਲ ਜੁੜੀ ਰਹੇ । ਕੌਮ ਦੇ ਬੱਚੇ ਤੋਂ ਬਿਰਧ ਤੱਕ, ਸਰਬੱਤ ਸਿਖ ਜਗਤ ਦੇ ਹਿਰਦੇ ਵਿਚ ਯਕੀਨ ਪੱਕਾ ਕਰਾ ਦੇਣਾ ਵੀ ਕੇਂਦ੍ਰੀ ਪ੍ਰਬੰਧ ਦਾ ਹੀ ਫ਼ਰਜ਼ ਸੀ ਕਿ, ਆਪਣੇ ਕੇਂਦਰ ਨਾਲੋਂ ਦੂਰ ਹੋਣ ਜਾਣਾ " ਕੌਮੀ ਆਤਮ ਹੱਤਿਆ " ਹੁੰਦੀ ਹੈ । ਉਰਦੂ ਦੇ ਕਿਸੇ ਸ਼ਾਇਰ ਦਾ ਕਥਨ ਹੈ---

" ਕੌਮੋਂ ਕੇ ਲੀਏ ਮੌਤ ਹੈ ਮਰਕਜ਼ ਸੇ ਜੁਦਾਈ । ਹੈ ਸਾਹਿਬੇ ਮਰਕਜ਼, ਤੋ ਖ਼ੁਦੀ ਕਿਆ ਹੈ, ਖ਼ੁਦਾਈ "।

ਨੌਰਥ ਅਮਰੀਕਾ ਦੇ ਸਿੱਖ ਨੂੰ ਕੇਂਦਰ ਨਾਲ ਜੋੜਨ ਦੀ ਗੱਲ ਤਾਂ ਕਿਤੇ ਰਹੀ, ਵੈਨਕੂਵਰ ਵਿਚ ਹੀ ਕਈਆਂ ਠੱਗਾਂ ਨੇ ਭਰਮ-ਗੜ੍ਹ ਸਿਰਜ ਕੇ ਸੈਂਕੜੇ ਸਿੱਖ ਘਰਾਣਿਆਂ ਨੂੰ ਔਝੜੇ ਪਾਇਆ ਹੋਇਆ ਹਨ । ਲੋਕਾਂ ਦੀ ਸ਼ਰਧਾ ਸਤਿਗੁਰਾਂ ਵਲੋਂ ਘਟ ਕੇ ਉਸ " ਪਖੰਡੀ " ਅਥਵਾ " ਪਖੰਡਣ " ਪ੍ਰਤੀ ਵਧ ਬਣ ਚੁੱਕੀ ਹੈ, ਅਤੇ ਲੋਕ ਅੰਨ੍ਹੇ-ਵਾਹ ਧਨ ਦੌਲਤ ਲੁਟਾ ਰਹੇ ਹਨ । ਸਾਧਾਂ ਦੀ ਅੱਡਰੀ ਮਰਯਾਦਾ ਵਾਲੇ, ਡੇਰੇ ਚੱਲ ਰਹੇ ਹਨ । ਸਥਾਨਕ ਸੰਗਤ ਕਈ ਧੜਿਆਂ ਵਿਚ ਵੰਡੀ ਹੋਈ ਹੈ ਅਤੇ ਕਈ ਤਰ੍ਹਾਂ ਦੀਆਂ ਮਰਯਾਦਾਂ ਚਲ ਤੁਰੀਆਂ ਹਨ । ਇਸ ਦੁਖਾਦੀ ਸਥਿਤੀ ਵੱਲ ਤਾਂ ਕਿਸੇ ਵੀ ਪ੍ਰਧਾਨ ਦਾ ਕਦੇ ਕੋਈ ਧਿਆਨ ਨਹੀਂ ਜਾਂਦਾ ।

### ਹਰਿਮੰਦਰ ਸਾਹਿਬ ਤੋਂ ਆਇਆ ਪਾਵਨ ਹੁਕਮਨਾਮਾ ?

ਸ੍ਰੀ ਹਰਿਮੰਦਰ ਸਾਹਿਬ ਤੋਂ ਸਿੱਧੇ ਪ੍ਰਸਾਰਨ ਦਾ ਸੁਣਿਆਂ ਜਾਣਾ ਹੋਰ ਗੱਲ ਹੈ ਪਰ ਹਰਮੰਦਰ ਸਾਹਿਬ ਦੇ ਹੁਕਮਨਾਮੇ ਦਾ ਕਿਸੇ ਖ਼ਾਸ ਗੁਰੂ ਘਰ ਵਿਚ ਉਚੇਚੇ ਤੌਰ ਤੇ ਭੇਜਿਆ ਜਾਣਾ ਬਿਲਕੁਲ ਹੀ ਹੋਰ ਗੱਲ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼-ਦਿਹਾੜੇ ਦੇ ਉਤਸਵ ਦੇ ਵਰਣਨ ਵਿਚ ਭਾਈ ਸਾਹਿਬ ਭਾਈ ਸੰਤੋਖ ਸਿੰਘ ਨੇ ਬੜੀ ਲੰਮੀ ਚੌੜੀ ਕਾਵ-ਵਿਆਖਿਆ ਲਿਖੀ ਹੈ । ਭਾਈ ਸਾਹਿਬ ਲਿਖਦੇ ਹਨ ਕਿ ਪ੍ਰਕਾਸ਼ ਹੋ ਜਾਣ ਦੀ ਰਸਮ ਪੂਰੀ ਹੋ ਜਾਣ ਤੇ ਬਾਬਾ ਬੁੱਢਾ ਜੀ ਨੇ ਜਦ ਪਹਿਲਾ ਹੁਕਮਨਾਮਾ ਲੈ ਲਿਆ, ਤਾਂ ਸ੍ਰੀ ਗੁਰੂ ਅਰਜੁਨ ਸਾਹਿਬ ਪੰਚਮ ਸਤਿਗੁਰੂ ਨਾਨਕ ਜੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ । ਉਸ ਲੰਮੇ ਉਪਦੇਸ਼ ਵਿਚਲੀਆਂ ਕੁਝ ਸਰਤਰਾਂ ਇਸ ਪ੍ਰਕਾਰ ਵੀ ਹਨ--

**ਸ੍ਰੀ ਗੁਰੂ ਕੇਰ ਸਰੀਰ ਜਊ, ਸਭ ਥਾਨ, ਸਮੇ ਸਭ, ਨਾ ਦਰਸੇ ਹੈਂ । ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ, ਉਤਮ ਹੈ ਸਭ ਕਾਲ ਰਹੇ ਹੈ ।**
**ਮੇਰੇ ਸਰੂਪ ਤੇ ਯਾਂਤੇ ਹੈ ਦੀਰਘ, ਸਾਹਿਬ ਜਾਨਿ ਅਦਾਇਬ ਕੈ ਹੈਂ । ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇ ਕੈ ਫੂਲ ਚਢੈ ਹੈ । ੫ ।**

ਭਾਵ, ਇਹ ਕਿ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ ਸੀ- " ਹੇ ਗੁਰੂ ਦੀ ਹਜ਼ੂਰੀ ਵਿਚ ਜੁੜੀ ਸਾਧ ਸੰਗਤ ਜੀਓ ! ਸਾਢਾ ਇਹ ਦਾ ਮਨੁੱਖਾ ਸਰੀਰ ਕੇਵਲ ਇੱਕ ਥਾਂ ਹੀ ਰਹਿ ਸਕਦਾ ਹੈ ਅਤੇ ਸਾਡੀ ਇਹ ਮਨੁੱਖਾ ਦੇਹ ਸਦਾ ਲਈ ਰਹਿਣ ਵਾਲੀ ਵੀ ਨਹੀਂ ਹੈ । (ਗੁਰੂ) ਗ੍ਰੰਥ (ਸਾਹਿਬ) ਜੀ ਗੁਰੂ ਨਾਨਕ ਜੀ ਦਾ ਹਿਰਦਾ ਕਰਕੇ ਸਮਝਿਉ । ਇਸ ਸਰੂਪ ਦੀ ਵਡੀ ਮਹਾਂਨਤਾ ਇਹ ਹੈ ਕਿ ਇਹ " ਸਰਬ ਕਾਲੀ " **ਹੋਵੇਗਾ** ਅਤੇ 'ਇੱਕੋ ਸਮੇ ' **ਸਰਬ ਥਾਨੀ** " ਵੀ ਹੋਇਆ ਕਰੇਗਾ । ਇਸ ਨੂੰ ਮੇਰੇ ਸਰੂਪ ਨਾਲੋਂ ਵੀ ਬਹੁਤੀ ਮਹੱਤਤਾ ਵਾਲਾ ਸਮਝੋ ਅਤੇ ਆਪਣਾ ਮਾਲਕ ਜਾਣ ਕੇ ਇਸ ਦਾ ਅਬਦ ਸਤਿਕਾਰ ਕਰਿਉ । ਸੁਗੰਧੀਆਂ ਦੀ ਅਥਵਾ ਫੁੱਲਾਂ ਦੀ ਭੇਟਾ ਕਰਕੇ ਦਰਬਾਰ ਦਾ ਵਾਤਾ-ਵਰਨ ਸੁਗੰਧਤ ਬਣਾਈ ਰੱਖਿਆ ਕਰਿਓ ।

**ਪਰਮ ਸਤਿਕਾਰ ਯੋਗ ਟੌਹੜਾ ਸਾਹਿਬ ਜੀਓ !** ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ, " ਨਾਰਥ ਅਮਰੀਕਾ ਦੀਆਂ ਸੰਗਤਾਂ " ਨੂੰ ਸਿੱਖੀ ਦੇ ਧੁਰੇ ਨਾਲ ਜੋੜਨ ਵਾਲਾ ਜਿਹੜਾ ਅਨੋਖਾ ਉੱਦਮ, ਭਾਈ ਹਰਦਿਆਲ ਸਿੰਘ ਜੌਹਲ ਪ੍ਰਧਾਨ ਸਾਹਿਬ ਜੀ ਨੇ ਕੀਤਾ ਹੈ, ਉਸ ਤੋਂ ਹੇਠ ਲਿਖੇ ਸੰਕੇ ਉਪਜੇ ਹਨ:-

(੧) ਸਤਿਗੁਰਾਂ ਦਾ ਜੋ ਹੁਕਮਨਾਮਾ ਸਥਾਨਕ ਗੁਰੂ ਘਰਾਂ ਵਿਚ ਲਿਆ ਜਾਂਦਾ ਹੈ, ਕੀ ਉਹ ਹਰਮੰਦਰ ਸਾਹਿਬ ਵਿਚਲੇ ਸਤਿਗੁਰਾਂ ਦੇ ਸਰੂਪ ਨਾਲੋਂ ਘੱਟ ਮਹਤੱਤਾ ਵਾਲਾ ਹੁੰਦਾ ਹੈ ਜੀ

(੨) ਕੀ ਕਿਸੇ ਥਾਂ ਦੀ ਮਹਿਮਾਂ ਸਤਿਗੁਰਾਂ ਦੇ ਚਰਨ ਪੈਣ ਨਾਲ ਵਧਦੀ ਹੈ ਕਿ ਜਾਂ ਕਿਸੇ ਖ਼ਾਸ ਥਾਂ ਦੇ ਕਾਰਨ ਸਿਤਗੁਰਾਂ ਦੇ ਸਰੂਪ ਦੀ ਮਹਿਮਾਂ ਵਧਦੀ ਹੈ ?

(੩) ਕੀ ਇਹ ਅਸਲੀਯਤ ਨਹੀਂ ਹੈ ਕਿ ਉਜਾੜ ਬੀਆਬਾਨ ਥਾਂ, ਸਤਿਗੁਰਾਂ ਦੇ ਚਰਨ ਪੈਣ ਨਾਲ " ਗੁਰੂ ਕਾ ਚੱਕ " ਬਣ ਗਈ । ਫਿਰ ਕੇਵਲ ਸਤਿਗੁਰਾ ਦੀ ਕ੍ਰਿਪਾ ਦ੍ਰਿਸ਼ਟੀ ਤੋਂ ਉਹ ਥਾਂ " ਰਾਮਦਾਸ ਪੁਰਾ " ਬਣ ਗਈ । ਅਤੇ ਅੱਜ ਵੈਨਕੂਵਰ ਰੌਸ ਸਟਰੀਟ ਦੇ ਗੁਰੂ-ਘਰ ਵਿਚ ਵੀ ਉਹੀ ਗੁਰੂ ਪਰਮੇਸ਼ਰ ਜੀ ਰੌਨਕਾਂ ਲਈ ਬੈਠੇ ਹਨ, ਜਿਨ੍ਹਾਂ ਦੇ ਪ੍ਰਗਟ ਹੋ ਜਾਣ ਕਾਰਨ ਹੀ " ਰਾਮਦਾਸ ਪੁਰਾ ' ' ਸ੍ਰੀ ਅੰਮ੍ਰਿਤਸਾਰ ਸਾਹਿਬ' ਅਥਵਾ ਹਰਿਮੰਦਰ ਸਾਹਿਬ ਅਖਵਾਉਣ ਲੱਗ ਪਿਆ ਸੀ ?

(੪) ਕੀ ਇਹ ਵੀ ਸੱਚ ਨਹੀਂ ਹੈ ਕਿ, ਲਾਹੌਰ ਸ਼ਹਰ ਬਾਂਰੇ ਸਤਿਗੁਰੂ ਨਾਨਕ ਨਿਰੰਕਾਰੀ ਜੀ ਨੇ ਫ਼ੁਰਮਾਨ ਕੀਤਾ ਸੀ--**ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਿਰ ॥ ੨੬ ॥** ਪਰ ਜਦੋਂ ਉਸੇ " ਜ਼ਹਰੁ ਕਹਰੁ " ਸ਼ਹਿਰ ਵਿਚ " ਗੁਰੂ ਰਾਮ ਦਾਸ ਜੀ " ਪ੍ਰਗਟ ਹੋ ਪਏ, ਤਾਂ ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਕਿ " ਹੇ ਸਤਿਗੁਰੂ ਨਾਨਕ ਨਿਰੰਕਾਰੀ ਸਾਹਿਬ ਜੀਉ ! ਅੱਜ ਲਹੌਰ ਸ਼ਹਰ, " ਜਹਰ ਕਹਰ " ਨਹੀਂ ਰਿਹਾ ਸਗੋਂ--**ਲਾਹੌਰ ਸਹਰ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥ ੨੮ ॥** [੧੪੧੨] ਬਣ ਚੁੱਕਾ ਹੈ । ਭਾਵ--**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥** [੪੫੦] ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਸਿੱਖ ਲਈ ਉਹੀ ਥਾਂ ਅੰਮ੍ਰਿਤ ਦਾ ਸਰੋਰ ਬਣ ਜਾਂਦਾ ਹੈ, ਉਹੀ ਅੰਮ੍ਰਿਤਸਰ ਹੈ ਅਥਵਾ ਉਹੀ ਹਰਮੰਦਰ ਹੈ । ਕੀ ਉਸੇ ਗੁਰੂ ਪਿਤਾ (-ਸਰੂਪ) ਵਿਚ ਪ੍ਰਥਮ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਬਾਕੀ ਸਰੂਪ ਬਿਰਾਜੇ ਹੋਏ ਸਮਝਣਾ ਹਰ ਇਕ ਗੁਰਸਿੱਖ ਦਾ ਪਰਮ ਧਰਮ ਨਹੀਂ ਬਣ ਜਾਂਦਾ ਜੀ ?

(੫) ਕੀ ਇਹ ਵੀ ਸੱਚ ਨਹੀਂ ਹੈ ਕਿ ਬਰਾਬਰ ਦੀਆਂ ਦੋ ਰੇਖਾਵਾਂ ਵਿਚੋਂ ਜੇ ਕਿਸੇ ਇੱਕ ਰੇਖ ਨੂੰ ਥੁਹੜੀ ਲੱਮੀ ਕਰ ਦੇਵੀਏ ਤਾਂ ਦੂਜੀ ਆਪਣੇ ਆਪ ਹੀ ਛੋਟੀ ਹੋ ਜਾਂਦੀ ਹੈ । ਕੀ ਹਰਿਮੰਦਰ ਸਾਹਿਬ ਦਾ ਹੁਕਮਨਾਮਾ ਉਚੇਚੇ ਤੌਰੇ ਭੇਜ ਕੇ ਸਥਾਨਕ ਸਰੂਪ ਪ੍ਰਤੀ ਸ਼ਰਧਾ ਵਿਚ ਫ਼ਰਕ ਪਾਉਣ ਵਾਲਾ ਅਪਰਾਧ ਨਹੀਂ ਹੋਇਆ ਜੀ ?

(੬) ਕੀ ਭਾਈ ਹਰਦਿਆਲ ਸਿੰਘ ਜੋਹਲ ਸਾਹਿਬ ਜੀ ਨੇ ਗੁਰੂ ਮਹਾਰਾਜ ਸਾਹਿਬ ਦੇ ਸਰਬਥਾਨੀ ਸਰੂਪ ਵਿਚ ਪਾੜਾ ਪਾਉਣ ਦੇ ਯਤਨ ਵਾਲਾ ਘਿਣਾਵਣਾ ਅਪਰਾਧ ਨਹੀਂ ਕੀਤਾ ? ਜਿਹੜਾ ਮਨੁੱਖ ਆਪਣੇ ਸਤਿਗੁਰੂ-ਖ਼ਸਮ ਦੇ ਪਾਵਨ ਸਰੂਪ ਤੇ ਏਡਾ ਕੋਝਾ ਹਮਲਾ ਕਰਦਾ ਹੈ ਕੀ ਉਹਕਿਸੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣਾ ਚਾਹੀਦਾ ਹੈ, ਕਿ ਜਾਂ ਉਸ ਨੂੰ ਪੰਥ ਵਿਚੋਂ ਹੀ ਸਦਾ ਲਈ ਖ਼ਾਰਜ ਕਰ ਦੇਣਾ ਚਾਹੀਦਾ ਹੈ ਜੀ ?

(੭) ਜਿਸ ਸਰਦਾਰ ਜੀ ਨੇ ਆਪਣੇ ਉਸੇ ਗੁਰੂ-ਪਿਤਾ ਦੇ ਸਰੂਪ ਤੇ ਹਮਲਾ ਕਰ ਦਿੱਤਾ ਜਿਸ ਦੀ ਕਿਰਪਾ ਨਾਲ ਉਹ ਚੌਧਰ ਦੀ ਕੁਰਸੀ ਦੇ ਮਾਲਕ ਬਣੇ ਸਨ, ਉਹ ਭਾਈ ਹਰਦਿਆਲ ਸਿੰਘ ਗੁਰੂ ਦੀਆਂ ਸੰਗਤਾਂ ਦੇ ਵਿਸ਼ਵਾਸ਼ ਦਾ ਪਾਤ੍ਰ ਕਿਵੇਂ ਰਹਿ ਗਿਆ ? ਹੁਕਮਨਾਮਾਂ ਮੰਗਵਾਉਣ ਵਾਲਾ ਕਰਮ ਕੀ, ਪਰਧਾਨਗੀ ਤੇ ਕਬਜ਼ਾ ਪੱਕਾ ਕਰਨ ਲਈ, ਸਿਆਸੀ ਪੈਂਤੜੇਬਾਜ਼ੀ ਨਹੀਂ ਹੈ ਜੀ ? ਕੀ ਜੋਹਲ ਸਾਹਿਬ ਨੇ ਆਪਣੀ ਪ੍ਰਧਾਨਗੀ ਬਣਾਈ ਰੱਖਣ ਦੇ ਚਾਰੇ ਵਿਚ ਹੀ ਗੁਰੂ ਮਹਾਰਾਜ ਦੇ ਨਿੱਜ ਸਰੂਪ ਦੀ ਬੇਅਦਬੀ ਕਰਨ ਦਾ ਅਪਰਾਧ ਨਹੀਂ ਕੀਤਾ ਜੀ ? ਸ੍ਰੀ ਦਰਬਾਰ ਸਾਹਿਬ ਵਿਚੋਂ ਜਿਨ੍ਹਾਂ ਨੇ ਵੀ ਅਜੇਹੇ ਕੁਕਰਮ ਵਿਚ ਹਿੱਸਾ ਲਿਆ ਹੈ ਕੀ ਉਨ੍ਹਾਂ ਨੂੰ ਵੀ ਤੁਰੰਤ ਸੇਵਾ ਮੁਕਤ ਨਹੀਂ ਕਰ ਦੇਣਾ ਚਾਹੀਦਾ ?

(੮) ਗੁਰੂ ਘਰ ਦੇ ਮੁੱਖ ਗ੍ਰੰਥੀ ਸਾਹਿਬ ਨੇ ਕੋਈ ਸੋਧ ਦੇਣ ਦੇ ਥਾਂ ਬੜੀ ਉਚੇਚਤਾ ਨਾਲ ਹੁਕਮ ਨਾਮੇ ਦੇ ਆਉਣ ਦੀ ਘੋਸ਼ਨਾ ਕੀਤੀ ਅਤੇ ਪਾਠ ਕਰਕੇ ਭਾਈ ਸਾਹਿਬ ਸਿੰਘ ਕਥਾ ਕਾਰ ਤੋਂ ਵਿਆਖਿਆ ਕਰਵਾਈ । ਗ੍ਰੰਥੀ ਸਾਹਿਬ ਦੀ ਮਜਬੂਰੀ ਸਮਝ ਵਿਚ ਆ ਸਕਦੀ ਹੈ । ਅਜੋਕਾ ਗ੍ਰੰਥੀ ਜੇ ਕਮੇਟੀ ਵਾਲਿਆਂ ਦੀ ਮਰਜ਼ੀ ਦੀ ਪਾਲਣਾ ਸੁਸ਼ੀਲ ਪਤਨੀ ਵਾਂਗ ਨਾ ਕਰੇ ਤਾਂ ਉਸ ਦੀ ਇੱਜ਼ਤ, ਉਸ ਦੀ ਰੋਜ਼ਗਾਰ, ਸੱਭ ਕੁਝ ਇੱਕ ਦਮ ਖ਼ਤਰੇ ਵਿਚ ਪੈ ਜਾਂਦਾ ਹੈ । ਪਰ ਦੇਸੋਂ ਆਏ ਵਿਦਵਾਨ ਕਥਾ ਵਾਚਕ ਭਾਈ ਸਾਹਿਬ ਸਿੰਘ ਨੇ ਸਤਿਗੁਰਾਂ ਦੀ ਇਸ ਘੋਰ ਅਵੱਗਿਆ ਵਿਚ ਹਿੱਸਾ ਕਿਸ ਕਾਰਨ ਲਿਆ ? ਉਨ੍ਹਾਂ ਨੇ ਕਮੇਟੀ ਵਾਲਿਆਂ ਅਥਵਾ ਸੰਗਤਾਂ ਨੂੰ ਇਸ ਅਵੱਗਿਆ ਦੀ ਅਸਲੀਯਤ ਤੋਂ ਜਾਣੂੰ ਕਰਾਉਣ ਦੀ ਥਾਂ ਸਗੋਂ ਉਚੇਚੇ ਤੌਰ ਤੇ ਕਥਾ ਕਰਕੇ ਸੰਗਤਾਂ ਦੀ ਸ਼ਰਧਾ ਹਰਿਮੰਦਰ ਸਾਹਿਬ ਤੋਂ ਆਏ ਹੁਕਮਨਾਮੇ ਪ੍ਰਤੀ ਵਧਾ ਕੇ ਸਥਾਨਕ

ਸਤਿਗੁਰਾਂ ਦੇ ਹੁਕਮਾਨਾਮੇ ਦੀ ਨਿਰਾਦਰੀ ਕਿਸ ਮਜਬੂਰੀ ਕਾਰਨ ਕੀਤੀ ? (ਦੋ ਸਗਵੀਆਂ ਪਦਵੀਆਂ ਵਿਚੋਂ ਇੱਕ ਦੀ ਮਹਮਾਂ ਵਧਾਉਣ ਨਾਲ ਦੂਜੀ ਦੀ ਮਹਿਮਾਂ ਆਪਣੇ ਆਪ ਘਟ ਜਾਂਦੀ ਹੈ) ਜੇ ਏਥੇ ਕਥਾ ਦਾ ਸਮਾਂ ਨਾ ਮਿਲਦਾ ਤਾਂ ਮਾਇਆ ਉਗਰਾਹੁਣ ਲਈ ਸਾਰੇ ਸੰਸਾਰ ਦੇ ਗੁਰੂ ਘਰ ਉਨ੍ਹਾਂ ਲਈ ਖੁਲ੍ਹੇ ਸਨ । ਅਜੇਹੇ ਕਥਾਵਾਚਕ ਵੀ ਜੇ ਕਿਸੇ ਕੇਂਦ੍ਰੀ ਸਿਖਲਾਈ ਘਰ ਤੋਂ ਵਿਦਿਆ ਲੈ ਕੇ ਤੁਰੇ ਹੋਣ ਤਾਂ ਸੰਗਤਾਂ ਨੂੰ ਕੋਈ ਉਸਾਰੂ ਸੇਧ ਜ਼ਰੂਰ ਦੇ ਸਕਣ । ਪਰ " ਬਿੱਖ-ਮਾਇਆ " ਦੇ ਕਾਰਨ ਅੰਮਿਰਤ ਬਾਣੀ ਸੁਣਾਉਣ ਵਾਲਿਆਂ ਲਈ ਤਾਂ ਸਤਿਗੁਰਾਂ ਦਾ ਫ਼ੁਰਮਾਨ ਹੀ ਕਾਫ਼ੀ ਹੈ--**ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥੨॥** [੧੯੪]

## ੧੦= ਕੁਝ ਹੋਰ ਗੰਭੀਰ ਸ਼ੰਕੇ:--

**ੳ=** ਅਲਾਉਦੀਨ ਖ਼ਿਲਜੀ (੧੨੯੬) ਦੇ ਰਾਜ ਤੋਂ ਅਰੰਭ ਹੋ ਕੇ ਜ਼ਕਰੀਆ ਖ਼ਾਨ (੧੭੧੯) ਤੱਕ ਮੁਸਲਮਾਨ ਬਾਦਸ਼ਾਹਾਂ ਨੇ, ਅਜੁਧਿਆ ਵਿਚ ਬਣੇ ਸ੍ਰੀ ਰਾਮਚੰਦ੍ਰ ਜੀ ਦੇ (ਕਥਿਤ) ਜਨਮ ਅਸਥਾਨ ਤੇ ਬਣੇ ਅਤੇ ' **ਮਥਰਾ** ' ਵਿਚ ਬਣੇ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਅਸਥਾਨ ਵਾਲੇ ਪ੍ਰਸਿੱਧ ਮੰਦਰਾਂ ਦੇ ਸਮੇਤ, ਹਿੰਦੂਆਂ ਦੇ ਹਜ਼ਾਰਾਂ ਮੰਦਰਾਂ ਨੂੰ ਢਾ ਕੇ ਉਨ੍ਹਾਂ ਦੇ ਥਾਈਂ ਮਸੀਤਾਂ ਬਣਵਾ ਦਿੱਤੀਆਂ ਸਨ । ਨਿਰੇ ਧਰਮ ਅਸਥਾਨਾਂ ਨੂੰ ਹੀ ਮਲੀਆ ਮੇਟ ਨਹੀਂ ਸੀ ਕੀਤਾ ਸਗੋਂ ਆਪਣਾ ਧਰਮ ਤਿਆਗ ਕੇ ਮੁਸਲਮਾਨ ਨਾ ਬਣਨ ਵਾਲੇ, ਲੱਖਾਂ ਬ੍ਰਾਮਹਣ ਅਤੇ ਹਿੰਦੂ ਕਤਲ ਕੀਤੇ ਜਾਂਦੇ ਰਹੇ ਅਤੇ ਮੁਸਲਮਾਨ ਜਾਬਰ ਉਨ੍ਹਾਂ ਦੇ ਘਰ-ਘਾਟ ਲੁੱਟਦੇ ਰਹੇ । ਲੁੱਟ ਤੋਂ ਬਚੀਆਂ ਜਾਇਦਾਦਾਂ ਸਾੜ ਫੂਕ ਦੇ ਬਰਬਾਦ ਕਰਦੇ ਰਹੇ । ਕਰੀਬ ੪੫੦ ਸਾਲ ਲਗਾਤਾਰ ਹਿੰਦੂ ਧਰਮ ਲਈ ਸਖ਼ਤ ਔਕੜ ਦਾ ਸਮਾ ਬਣਿਆਂ ਰਿਹਾ । ਪਰ ਹਿੰਦੂ ਧਰਮ ਖ਼ਤਮ ਹੋਣ ਦੇ ਥਾਂ ਸਗੋਂ ਵਧਿਆ ਅਤੇ ਹੁਣ ਮੰਦਰਾਂ ਦੇ ਥਾਵਾਂ ਤੇ ਬਣੀਆਂ ਮਸੀਤਾਂ ਢਾ ਕੇ ਦੋਬਾਰਾ ਆਪਣੇ ਮੰਦਰ ਬਣਾਉਣ ਜੋਗਾ ਬਣ ਗਿਆ ਹੈ ।

ਦੂਜੇ ਪਾਸੇ-ਬੁੱਧ ਧਰਮ ੫੪੪ B.C. ਤੋਂ ਭਾਰਤ ਵਿਚ ਅਰੰਭ ਹੋਇਆ । ੩੦੦ B.C. ਤੋਂ ਇਸ ਧਰਮ ਨੂੰ ਅਸ਼ੋਕ ਜਿਹੇ ਸ਼ਕਤੀ ਸ਼ਾਲੀ ਸਮਰਾਟ ਦੀ ਸਰ-ਪਰਸਤੀ ਮਿਲ ਗਈ । ਅਠਵੀਂ ਸਦੀ ਤੱਕ ਇਸ ਧਰਮ ਦਾ ਭਾਰਤ ਤੇ ਰਾਜ ਰਿਹਾ । ਭਾਵ, ਬੁੱਧ ਧਰਮ ਦੇ ਮੰਦਰ ਢਾਉਣੇ ਜਾਂ ਬੋਧੀਆਂ ਤੇ ਕਿਸੇ ਪ੍ਰਕਾਰ ਦੀ ਸਖ਼ਤੀ ਕਰ ਸਕਣੀ ਤਾਂ ਦੂਰ ਦੀ ਗੱਲ ਸੀ, ਸਗੋਂ ਇਸ ਧਰਮ ਦੇ ਪਰਚਾਰ ਲਈ ਸ਼ਾਹੀ ਖ਼ਜ਼ਾਨੇ ਵਿਚੋਂ ਬੇਸ਼ੁਮਾਰ ਧਨ ਖ਼ਰਚ ਕੀਤਾ ਜਾਂਦਾ ਰਿਹਾ । ਸੰਨ ੭੮੮ ਵਿਚ ਤੀਖਣ ਬੁੱਧੀ ਵਾਲਾ ਬ੍ਰਾਹਮਣ, **ਸ਼ੰਕਰ ਅਚਾਰਯਾ** ਪੈਦਾ ਹੋਇਆ । ਉਸ ਦੀ ਸਿਖਿਆ ਅਨੁਸਾਰ ਬ੍ਰਾਹਮਣ ਭੇਸ ਵਟਾ ਕੇ, ਬੁਧ ਧਰਮ ਵਿਚ ਜਾ ਵੜਿਆ । ਜਿਸ ਮਰਯਾਦਾ ਅਥਵਾ ਜਿਨ੍ਹਾਂ ਸਿਧਾਤਾਂ ਦੇ ਕਾਰਨ ਬੁੱਧ ਧਰਮ ਫੈਲਿਆ ਸੀ ਉਸ ਸਭ ਕੁਝ ਨੂੰ, ਬ੍ਰਾਹਮਣ ਨੇ ਵਿਗਾੜ ਦਿੱਤਾ । ਨਤੀਜਾ ਇਹ ਹੋਇਆ ਕਿ ਭਾਰਤ ਵਿਚੋਂ, ੧੩੦੦ ਸਾਲ ਤੋਂ ਵਧ ਸਮਾ ਪੁਰਾਣੇ ਅਤੇ ਬਾਦਸ਼ਾਹੀ ਸਹਾਇਤਾ ਵਾਲੇ ਬੁੱਧ ਧਰਮ ਦਾ ਬਿਸਤਰਾ ਗੋਲ ਹੋ ਗਿਆ । ਬਾਹਰ ਦੇ ਦੇਸ਼ਾਂ ਵਿਚ ਤਾਂ ਬੁੱਧ ਧਰਮ ਜਿਉਂ ਦਾ ਤਿਉਂ ਸੀ ਪਰ, ਕੇਵਲ ਮਰਯਾਦਾ ਵਿਗਾੜ ਦੇਣ ਨਾਲ ਹੀ, ਆਪਣੇ ਜਨਮ ਅਸਥਾਨ, ਭਾਰਤ ਦੇਸ਼ ਵਿਚ ਬੁੱਧ ਧਰਮ, ਢੂੰਡਿਆਂ ਵੀ ਕਿਤੇ ਨਹੀਂ ਸੀ ਮਿਲਦਾ ।

**ਇਸ ਇਤਿਹਾਸਕ ਸਚਾਈ ਤੋਂ ਸਿੱਧ ਹੁੰਦਾ ਹੈ ਕਿ, ਧਰਮ ਦੇ ਪੱਕੇ ਵੈਰੀ ਉਹ ਲੋਕ ਹਨ ਜੋ, ਕਿਸੇ ਧਰਮ ਦੀ ਮਰਯਾਦਾ ਨੂੰ ਵਿਗਾੜਦੇ ਹਨ । ਟੌਹੜਾ ਸਾਹਿਬ ਜੀਓ !** ਤੁਸੀਂ ਦੱਸੋ ਕਿ, ਸਿੱਖੀ ਦੇ ਅਸਲੀ ਦੁਸ਼ਮਨ ਉਹ ਸਨ ਜਿਨ੍ਹਾਂ ਨੇ ਹਰਿਮੰਦਰ ਸਾਹਿਬ ਨੂੰ ਗਿਆਰਾਇਆ ਸੀ, ਕਿ, ਜਾਂ ਉਹ ਹਨ ਜਿਹੜੇ ਸਿੱਖੀ ਦੀ ਮਰਯਾਦਾ ਵਿਗਾੜ ਰਹੇ ਹਨ ? ਸ੍ਰੀ ਦਰਬਾਰ ਸਾਹਿਬ ਅਥਵਾ ਹੋਰ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਕਿਨ੍ਹਾਂ ਵਿਚ ਗਿਣਿਆਂ ਜਾਵੇ ਜੀ ? **ਚੋਣਾ ਜਿੱਤ ਕੇ ਕਮੇਟੀਆਂ ਬਣਾਈ ਬੈਠੇ, ਇਹ ਕਥਿਤ ਪ੍ਰਬੰਧਕ, ਗੁਰੂ ਘਰਾਂ ਦੇ ਸੇਵਕ ਹਨ ਕਿ ਜਾਂ, ਸਿੱਖੀ ਨੂੰ ਖ਼ਤਮ ਕਰਨ ਲਈ, ਸਿੱਖੀ ਭੇਖ ਧਾਰ ਕੇ ਪੰਥ ਵਿਚ ਆ ਵੜੇ " ਉਹੋ ਬ੍ਰਾਹਮਣ-ਵੈਰੀ ਹਨ, ਜਿਨ੍ਹਾਂ ਨੇ ਬੁੱਧ ਧਰਮ ਦਾ ਫੱਕਾ ਮਾਰਿਆ ਸੀ ?**

**(ਅ)** ਲੋਕਾਂ ਵਿਚ ਚੱਲਦੇ ਆ ਰਹੇ ਇਸ ਚਰਚੇ ਨੂੰ ਸੱਚ ਮੰਨਣ ਲਈ ਦਾਸ ਦਾ ਦਿਲ ਤਿਆਰ ਨਹੀਂ ਹੈ ਕਿ--(a) ਆਪ ਜੀ ਕਾਂਗਰਸ ਸਰਕਾਰ ਦੇ ਪਿੱਠੂ ਹੋ । (੨) ਸ੍ਰੀ ਦਰਬਾਰ ਸਾਹਿਬ ਤੇ ਹਮਲੇ ਕਰਾਉਣ ਵਿਚ, ਅਥਵਾ ੧੯੮੪ ਦੇ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਨਾ ਫੜਨ ਲਈ ਸਰਕਾਰ ਨੂੰ ਸ਼ਹਿ ਦੇਣ ਵਿਚ ਤੁਸੀ ਸਰਕਾਰ ਦੇ ਇਤਬਾਰੀ ਸਲਾਹ-ਕਾਰ ਹੋ । (੩) ਸ੍ਰੀ ਦਰਬਾਰ ਸਾਹਿਬ ਵਿਚ ਸਿਆਸੀ ਦੀਵਾਨ ਲਗਣ ਤੇ ਪਾਬੰਦੀ ਲਾਉਣ ਵਿਚ, ਅਥਵਾ ਹਰ ਪਾਸਿਉਂ ਪੰਥ ਦੀ ਹੇਠੀ ਕਰਵਾਈ ਰੱਖਣ ਵਿਚ, ਸਰਕਾਰ ਨੂੰ ਸੇਧ ਦੇਣ ਵਿਚ ਸਦਾ ਸਹਾਈ ਹੋ ? ਲੋਕਾਂ ਵਿਚ ਇਹ ਅਫਵਾਹ ਵੀ ਗਰਮ ਹੈ ਕਿ ਅਜੇਹੀ ਵਡਮੁੱਲੀ ਸੇਵਾ ਦੇ ਬਦਲੇ ਹੀ ਦਿੱਲੀ ਸਰਕਾਰ S.G.P.C ਦੀਆਂ ਚੋਣਾ ਨਾ ਕਰਵਾ ਕੇ ਆਪ ਜੀ ਦੀ ਗੱਦੀ ਦੀ ਰਾਖੀ ਕਰੀ ਜਾ ਰਹੀ ਹੈ । ਅਤੇ ਕੀ ਭਲਾ, ਇਹ ਵੀ ਸੱਚ ਹੀ ਹੈ ਕਿ, ਆਪ ਜੀ ਦੀ ਮਰਜ਼ੀ ਅਨੁਸਾਰ ਹੀ ਭਾਈ ਰਣਜੀਤ ਸਿੰਘ ਵਿਰੁੱਧ ਨਾ ਮੁਕੱਦਮਾ ਚਲਾਇਆ ਜਾ ਰਿਹਾ ਹੈ ਅਤੇ ਨਾ ਉਨ੍ਹਾਂ ਨੂੰ ਬਰੀ ਹੀ ਕੀਤਾ ਜਾ ਰਿਹਾ ਹੈ ? ਲੋਕ ਤਾਂ ਇਹ ਵੀ ਕਹਿ ਰਹੇ ਹਨ ਕਿ ਸਰਕਾਰ ਵਿਰੁੱਧ ਆਪ ਜੀ ਦੇ ਭਾਸ਼ਨ, ਅਤੇ ਕਦੇ ਕਦੇ ਆਪ ਜੀ ਨੂੰ ਜੇਲ੍ਹ ਯਾਤਰਾ ਲਈ ਭੇਜਿਆ ਜਾਣਾ, ਸਭ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਹੀ ਪਾਇਆ ਜਾ ਰਿਹਾ ਹੁੰਦਾ ਹੈ ।

ਰੱਬ ਕਰੇ ਇਹ ਸਾਰੇ ਦੂਸ਼ਨ ਨਿਰਮੂਲ ਹੋਣ । ਪਰ ਇਨ੍ਹਾਂ ਨੂੰ ਨਿਰਮੂਲ ਸਿੱਧ ਕਰਨ ਲਈ ਆਪ ਜੀ ਦੀ ਸਹਾਇਤਾ ਦੀ ਲੋੜ ਹੈ ਕਿ--

(੧) ਸ੍ਰੀ ਦਾਰਬਾਰ ਸਾਹਿਬ ਵਿਚ ਵਰਤ ਰਹੀ ਸਾਰੀ ਬਿੱਪ੍ਰਨ ਕੀ ਰੀਤ ਖ਼ਤਮ ਕਰ ਦਿੱਤੀ ਜਾਵੇ,

(੨) ਕਥਿਤ ਦਾਨੀਆਂ ਦੇ ਕਾਲੇ ਨਾਵਾਂ ਵਾਲੇ ਸਾਰੇ ਪੱਥਰਾਂ ਦੇ ਥਾਂ, ਦੁੱਧ ਵਾਂਗ ਚਿੱਟੇ ਪੱਥਰ ਸਾਰੇ ਗੁਰੂ ਘਰਾਂ ਵਿਚ ਲਾ ਦਿੱਤੇ ਜਾਣ,

(੩) ਅਜੇਹਾ ਕਾਲਜ ਬਣਾਇਆ ਜਾਵੇ ਜਿਥੋਂ ਗ੍ਰੰਥੀ, ਪਰਚਾਰਕ ਅਥਵਾ ਰਾਗੀ ਪੈਦਾ ਕੀਤੇ ਜਾਇਆ ਕਰਨ, ਅਤੇ ਸਾਰੇ ਗੁਰੂ ਘਰਾਂ ਵਿਚ ਉਸੇ ਕਾਲਜ ਵਿਚੋਂ ਡਿਗਰੀਆਂ ਲੈਣ ਵਾਲੇ ਗ੍ਰੰਥੀ ਲਾਏ ਜਣ । ਉਸ ਕਾਲਜ ਵਿਚੋਂ ਗੁਰਮਤਿ ਦੀ P.H.D ਦੀ ਡਿਗਰੀ (ਹੋਰ ਪਰਚਲਤ ਜ਼ਬਾਨਾਂ ਵਿਚ ਅਤੇ ਲੋੜੀਂਦੀ ਵਿਦਿਆ ਵਿਚ ਪ੍ਰਬੀਨਤਾ ਵਾਲਾ) ਅਤੇ ਉੱਚੀ ਜੀਵਨ ਜੁਗਤ ਵਾਲਾ ਗੁਰਮੁਖਿ ਹੀ ਸ੍ਰੀ ਅਕਾਲ ਤਖ਼ਤ ਦਾ

ਜਥੇਦਾਰ ਅਤੇ ਹਰਿ ਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਹੋਵੇ ਆਦਿ ਆਦਿ । ਇਸ ਕਾਲਜ ਵਿਚੋਂ ਸ੍ਰੇਸ਼ਟ ਯੋਗਤਾ ਵਾਲੇ ਵਿਦਵਾਨਾਂ ਨੂੰ ਉਚੇਰਾ ਵੇਤਨ ਦੇ ਕੇ ਪੰਥਕ ਖ਼ਰਚ ਤੇ ਦੇਸ਼ ਦੇ ਅਤੇ ਬਿਦੇਸ਼ਾਂ ਵਿਚ, ਸਿੱਖੀ ਨੂੰ ਫੈਲਾਉਣ ਦੇ ਮਿਸ਼ਨ ਤੇ ਭੇਜਿਆ ਜਾਣ ਦੇ ਪ੍ਰਬੰਧ ਕਰਨੇ ਅਰੰਭ ਕੀਤੇ ਜਾਣ । ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ, ਹਰ ਅਜੇਹੇ ਪੱਖੋਂ ਨਿਪੁੰਨ ਅਤੇ ਪੱਕੇ ਪ੍ਰਬੰਧਾ ਦਾ ਨੀਹ ਪੱਥਰ ਆਪਣੇ ਕਰ-ਕੰਵਲਾਂ ਨਾਲ ਰੱਖੋ ।

(੪) ਦਾਨ ਦੀ ਪਰਿਪਾਟੀ ਬੰਦ ਕਰਕੇ ਦਸਵੰਧ ਪ੍ਰਥਾ ਚਾਲੂ ਕਰਨ ਦੇ ਪ੍ਰਬੰਧ ਕੀਤੇ ਜਾਣ ।

(੫) ਗੁਰੂ ਘਰਾਂ ਨੂੰ ਪੂਜਾ ਦੇ ਮੰਦਰਾਂ ਦੀ ਥਾਂ ਇਨ੍ਹਾਂ ਨੂੰ ਧਰਮ ਸਿੱਖਣ ਦੇ ਵਦਿਆਲੇ, " ਧਰਸ਼ਾਲਾ " ਅਥਵਾ " ਗਿਆਨ-ਮੰਦਰ " ਬਣਾਇਆ ਜਾਵੇ,ਤਾਂ ਜੋ ਪੰਥ ਦਾ ਬੱਚਾ ਬੱਚਾ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਜਾਣੂੰ ਹੋ ਜਾਵੇ ।

(੬) ਸਿੱਖ ਸਿਧਾਂਤ ਦੀ ਖੰਡਨਾਂ ਵਿਚ ਜੋ ਵੀ ਪੁਸਤਕ ਛਪੇ ਉਸ ਦੇ ਲਿਖਾਰੀ ਨੂੰ ਤੁਰੰਤ ਹੀ ਸ੍ਰੀ ਅਕਾਲ ਤਖ਼ਤ ਤੇ ਬੁਲਾ ਕੇ ਯੋਗ ਡੰਨ ਲਾਉਣ ਦੇ ਨਾਲ ਲਿਖਾਰੀ ਨੂੰ ਕਿਹਾ ਜਾਵੇ ਕਿ ਉਹ ਆਪ ਹੀ ਪੁਸਤਕ ਦੀ ਵਿੱਕਰੀ ਰੋਕ ਦੇਵੇ ਨਹੀਂ ਤਾਂ ਉਸ ਨੂੰ ਪੰਥ ਦਾ ਅੰਗ ਨਾ ਸਮਝਿਆ ਜਾਵੇ ।

(੭) ਜੇ ਖਿਮਾ ਦਾ ਪ੍ਰਸ਼ਾਦ ਵੰਡਨਾਂ ਹੀ ਹੋਵੇ ਤਾਂ, ਗੁਰੂ ਬਾਣੀ ਦੀ ਨਿੰਦਿਆਂ ਲਿਖਣ ਦੇ ਇਨਾਮ ਵਜੋਂ ਜਿਸ ਨਿੰਦਕ ਨੇ ਕੋਈ ਡਿਗਰੀ ਲਈ ਹੋਈ ਹੈ ਉਸ ਨੂੰ ਕਿਹਾ ਜਾਵੇ ਕਿ ਉਹ ਆਪਣੀ ਡਿਗਰੀ ਅਤੇ ਉਸ ਦੇ ਅਧਾਰ ਤੇ ਮਿਲੀ ਨੌਕਰੀ ਵਾਪਸ ਕਰੇ,

(੮) ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਥਵਾ ਮੂਰਤੀਆਂ ਬਨਾਉਣੀਆਂ ਅਥਵਾ ਘਰਾਂ ਵਿਚ ਲਾਉਣੀਆਂ ਬੰਦ ਕਰਾਉਣ ਦੇ ਪ੍ਰਬੰਧ ਕੀਤੇ ਜਾਣ।

।੯) ਤੌਹੀਦ ਦੀ ਪੂਜਾ ਕਰਾਉਣ ਆਏ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਕੋਈ ਤਸਵੀਰ ਨਹੀਂ ਮਿਲਦੀ ਹੈ । ਇੱਕ ਅਕਾਲ ਦੀ ਪੂਜਾ ਕਰਾਉਣ ਆਏ, ਗੁਰੂ ਸਾਹਿਬਾਨ ਦੀ ਤਸਵੀਰ ਵੀ, ਓਵੇਂ ਹੀ ਕਿਤੋਂ ਨਹੀਂ ਮਿਲਣੀ ਚਾਹੀਦੀ । ਸਤਿਗੁਰਾਂ ਦੀ ਤਸਵੀਰਾਂ ਸਿੱਧ ਕਰਦੀਆਂ ਹਨ ਕਿ ਖ਼ਾਲਸਾ ਦੀ ਮਰਯਾਦਾ ਤੇ " ਬਿੱਪ੍ਰੀ ਪਰਛਾਵਾਂ " ਪੈ ਚੁੱਕਾ ਹੈ, ਜਦ ਕਿ ਮੁਸਲਮਾਨ ਇਸ ਪਰਛਾਵੇਂ ਤੋਂ ਪੂਰੀ ਤਰ੍ਹਾਂ ਬਚਿਆ ਹੋਇਆ ਹੈ, ਭਾਂਵੇਂ ਉਹ ਸਿੱਖ ਨਾਲੋਂ ਸੈਂਕੜੇ ਸਾਲ ਪਹਿਲਾਂ ਤੋਂ ਹਿੰਦ ਦਾ ਵਾਸੀ ਬਣ ਚੁੱਕਾ ਸੀ ।

(੧੦) ਪੰਥ ਲਈ ਸਭ ਤੋਂ ਬਹੁਤਾ ਗੰਭੀਰ ਖ਼ਤਰੇ ਵਾਲਾ ਮਸਲਾ ਖੜਾ ਕਰਨ ਵਾਲਾ **ਜਿਹੜਾ ਘੋਰ ਅਪਰਾਧ S.G.P.C.** ਦੇ ਪ੍ਰਬੰਧ ਚਲਾਉਣ ਵਾਲਿਆਂ ਨੇ ਕੀਤਾ ਹੈ, ਉਹ ਹੈ " ਸੰਤ ਸਮਾਜ ਰੂਪੀ ਅਸਰਾਲ " ਨੂੰ ਸ਼ਕਤੀ ਬਖ਼ਸ਼ਣ ਵਾਲਾ । ਇਸ ਗੰਭੀਰ ਖ਼ਤਰੇ ਦਾ ਤੋੜ ਲੱਭਣਾ ਵੀ ਆਪ ਜੀ ਦੀ ਹੀ ਨਿੱਜੀ ਜ਼ਿਮੇਵਾਰੀ ਹੈ । ਇਸ ਘੋਰ ਅਪਰਾਧ ਦੀ ਅਸਲੀਯਤ ਦੇ ਦਰਸ਼ਨ ਇੱਕ ਵਾਰੀ ਫੇਰ ਕਰ ਲੈਣੇ ਜ਼ਰੂਰੀ ਹਨ--ਸਤਿਗੁਰਾਂ ਦੇ ਇਤਿਹਾਸ ਨਾਲ ਜੁੜੇ ਵਡੀ ਮਹੱਤਤਾ ਵਾਲੇ ਥਾਵਾਂ ਤੇ ਆਲੀਸ਼ਾਨ ਬਿਲਡਗਾਂ ਬਣਾਉਣ ਦਾ ਠੇਕਾ, " ਬਾਨਾਰਸ ਕੇ ਠੱਗ " ਸਾਧ-ਮੰਡਲੀਆਂ ਦੇ ਹਵਾਲੇ ਕਰਕੇ ਉਨ੍ਹਾਂ ਦਾ ਸਿੱਧਾ ਸੰਬੰਧ ਸੰਗਤਾਂ ਨਾਲ ਬਣਾ ਦੇਣਾ । ਜਿਸ ਤੋਂ " ਧਨ ਬਾਬਾ ਕੰਬਲੀ ਵਾਲਾ ', 'ਧੰਨ ਬਾਬਾ ਖੜਾਵਾਂ ਵਾਲਾ,' ' ਧਨ ਬਾਬਾ ਰਾੜੇ ਵਾਲਾ " ਜਿਹੜਾ ਏਡੀ ਮਹਾਨ ਸੇਵਾ ਕਰਵਾ ਰਿਹਾ ਹੈ "-- ਦਾ ਜਾਪ (ਪਹਿਲਾਂ ਰਿਸ਼ਵਤ ਦੇ ਕੇ ਸੇਵਾ ਸਾਂਭਣ ਵਾਲੇ ਅਸਲੀ ਭਾਣੇ ਤੋਂ ਅਨਜਾਣ-) ਸੰਗਤਾਂ ਨੇ ਅਰੰਭ ਕਰ ਦੇਣਾ । ਇਸ ਢੰਗ ਨਾਲ, ਸਾਧਾਂ ਦੀ ਸ਼ਕਤੀ ਦਿਨ ਦੂਣੀ ਅਤੇ ਰਾਤ ਚੌਣੀ ਕਰੀ ਰੱਖਣ ਦਾ ਘੋਰ ਅਪਰਾਧ ਜਿਸ ਨੇ ਵੀ ਕੀਤਾ ਹੈ, ਪੰਥ ਦਾ ਸਭ ਤੋਂ ਵਡਾ ਦੁਸ਼ਮਨ ਉਹੀ ਹੈ । ਇਸ " ਸਾਧ ਟੋਲੇ " ਨੇ ਪੰਥਕ ਮਰਯਾਦਾ ਦਾ ਘੁੱਟ ਭਰ ਲੈਣ ਦੇ ਨਾਲ ਆਪਣੀ ਚਲਾਈ ਮਰਯਾਦਾ ਨੂੰ ਸੰਗਤਾਂ ਲਈ ਰੱਬੀ ਹੁਕਮ ਬਣਾ ਦਿੱਤਾ ਹੈ । ਧਾਰਮਕ ਪੱਖੋਂ ਸਿੱਖ ਜਗਤ ਨੂੰ ਕੇਂਦਰ ਨਾਲੋਂ ਤੋੜ ਕੇ ਪੰਥ ਨੂੰ ਲੰਗੜਾ ਕਰ ਲਿਆ ਹੈ । ਸੁਣਿਆਂ ਹੈ ਕਿ, ਹੁਣ ਏਸੇ " **ਸ਼ੇਸ਼ਨਾਗ** " ਨੇ ਸਿਆਸੀ ਪੱਖੋਂ ਵੀ, ਪੰਥ ਨੂੰ ਪਿੰਗਲਾ ਕਰ ਦੇਣ ਲਈ ਹੱਥ-ਪੈਰ ਮਾਰਨੇ ਅਰੰਭ ਕਰ ਦਿੱਤੇ ਹਨ । ਪੰਥ ਦੇ ਖ਼ਾਤਮੇ ਦੇ ਦਿਨ ਸਾਧ-ਮੰਡਲੀ, ਸੰਪ੍ਰਦਾਈ ਮੰਡਲੀ, ਭਾਵ ਪ੍ਰੋਹਿਤ-ਵਾਦ ਨੇ ੨੦੦ ਸਾਲ ਨੇੜੇ ਕਰ ਲਏ ਹਨ ।

ਪੰਥ ਦੇ ਜਿਹੜੇ (ਤ੍ਰਿਸ਼ਨਾਲੂ-ਸਿਆਸੀ-ਘੁਲਾਟੀਏ-) ਜਥੇਦਾਰ ਇਨ੍ਹਾਂ ਸਾਧਾਂ ਦੇ ਡੇਰੇ ਤੇ ਵੋਟਾਂ ਮੰਗਣ ਹਾਜ਼ਰ ਹੋਇਆ ਕਰਦੇ ਸਨ, ਇਸ ਭਾਣੇ ਦੀ ਸਿੱਧੀ ਜ਼ਿਮੇਵਾਰੀ ਉਨ੍ਹਾਂ ਤੇ ਵੀ ਹੈ । " ਭਾਈ ਗਜਿੰਦਰ ਸਿੰਘ ਚੇਅਰਮੈਨ ਦਲ ਖ਼ਾਲਸਾ ਇੰਟਰਨੈਸ਼ਨਲ " ਦੀ ਲੱਮੀ ਚੌੜੀ ਚਿੱਠੀ ਦਾਸ ਕੋਲ ਪੁੱਜੀ ਹੈ ਜਿਸ ਤੋਂ ਸਪੱਸ਼ਟ ਹੋ ਰਿਹਾ ਹੈ ਕਿ, ਤੁਹਾਡੇ ਜਿਹਾ ਚਾਤਰ ਆਗੂ ਸ਼ਾਇਦ ਹੀ ਹੈ ਜੋ ਪੰਥ ਨੂੰ ਕਦੇ ਮਿਲਿਆ ਹੋਵੇ, ਜਾਂ ਮਿਲ ਸਕੇ । (ਧਿਆਨ ਸਿੰਘ ਡੋਗਰੇ ਤੋਂ ਉਲਟ) ਆਪ ਜੀ ਦੀ ਸਿਆਣਪ ਤੋਂ ਉਸਾਰੂ ਕੰਮਾ ਦੀ ਆਸ ਹੋਣੀ ਲੋੜੀਏ । ਸੰਤ ਸਮਾਜ ਤੋਂ ਹੋਣ ਵਾਲੇ ਗੰਭੀਰ ਨੁਕਸਾਨ ਦੀ ਸੋਝੀ ਆਉਣ ਨਾਲ, ਇਨ੍ਹਾਂ ਵਲੋਂ ਸੁਚੇਤ ਹੋ ਰਹੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ, ਭੇਖੀ ਸਾਧਾਂ ਦੇ ਵਿਰੁੱਧ ਫੋਕੀ ਬਿਆਨ ਬਾਜੀ ਕਰਨ ਦੇ ਥਾਂ ਉਨ੍ਹਾਂ ਦੀ ਅਸਲੀਯਤ ਨੰਗੀ ਕਰਨ ਲਈ ਤਕੜੀ ਮੁਹਿੰਮ ਚਲਾਉਣ ਦੀ ਲੋੜ ਹੈ । ਸਿਆਸੀ ਸੁਆਰਥ ਸਿੱਧੀਆਂ ਅਤੇ ਹੋਰ ਨਿਜ-ਸੁਰਥ ਦੇ ਬੰਧਨਾ ਤੋਂ ਮੁਕਤ ਹੋ ਕੇ, ਇਨ੍ਹਾਂ ਡੇਰੇਦਾਰਾਂ ਦੀਆਂ ਗੁਰਮਤਿ ਵਿਰੋਧੀ ਲਿਖਤਾਂ ਦੀ ਪੜਤਾਲ ਕਰਕੇ ਲਿਖਾਰੀ ਸਾਧਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੁਲਾ ਕੇ ਯੋਗ ਡੰਡ ਦੇਣੇ ਚਾਹੀਦੇ ਹਨ । ਕੇਂਦਰੀ ਸਿੱਖ ਮਰਯਾਦਾ ਅਤੇ ਗੁਰਮਤਿ ਦੀ ਖੰਡਨਾਂ ਕਰ ਰਹੇ ਨਾਨਕ ਸਰੀਆਂ ਜਿਹੇ ਡੇਰੇ ਦਾਰਾਂ ਨੂੰ ਪੰਥ ਵਿਚੋਂ ਖ਼ਾਰਜ ਕੀਤੇ ਜਾਣ ਦੇ ਨੋਟਸ ਜਾਰੀ ਹੋਣੇ ਚਾਹੀਦੇ ਹਨ । ਇਸ ਕਰੂੰਡੀਏ ਨਾਗ (ਸੰਤ-ਸਮਾਜ) ਦੇ ਜ਼ਹਿਰ ਨੂੰ ਜ਼ਾਇਲ ਕਰਨ ਵਾਲਾ " ਗਾਰੁੜੀ ਮੰਤਰ " ਸਿਵਾਏ ਤੁਹਾਡੇ, ਹੋਰ ਕਿਸ ਕੋਲ ਹੋਣਾ ਹੈ ? (ਪਹਿਲਾਂ ਆਪਣੀ ਪੀੜ੍ਹੀ ਹੇਠ, ਚੰਗੀ ਤਰ੍ਹਾਂ ਸੋਟਾ ਫੇਰ ਲੈਣ ਦੀ ਲੋੜ ਹੈ । ਸਿਰ ਨੀਵਾਂ ਕਰਕੇ ਆਪਨੜੇ ਗਿਰੀਵਾਨ ਮਹਿ, ਪਹਿਲਾਂ ਝਾਤੀ ਮਾਰ ਲੈਣ ਦੀ ਲੋੜ, ਬਹੁਤੀ ਹੈ, ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਅੰਦਰ ਆਈਆਂ ਘਾਟਾਂ ਨੂੰ ਪਹਿਲਾਂ ਦੂਰ ਕਰ ਲਈਏ )। ਕਿਰਪਾ ਕਰਕੇ ਪੰਥ ਦੇ ਸਿਰ ਤੇ ਕੂਕਦਾ, ਇਹ ਖ਼ਤਰਾ, ਠੋਸ ਕਦਮ ਚੁੱਕ ਕੇ ਦੂਰ ਕਰਨ ਦਾ ਉਪਰਾਲਾ ਕਰਕੇ ਆਪਣਾ ਮੁੱਖੜਾ ਹੋਰ ਵੀ ਉਜਲਾ ਕਰ ਲਵੋ ।

ਦਾਸ ਨੇ ਆਪਣੇ ਵੱਲੋ ਤਾਂ ਵੱਧ ਤੋਂ ਵੱਧ ਮਿਠੀ ਅਤੇ ਸਤਿਕਾਰ ਵਾਲੀ ਬੋਲੀ ਲਿਖਣ ਦਾ ਯਤਨ ਕੀਤਾ ਹੈ । ਫਿਰ ਵੀ ਸੱਚ ਬਦੋ ਬਦੀ ਕੌੜਾ ਬਣ ਜਾਇਆ ਕਰਦਾ ਹੈ । ਦਾਸ ਦੇ ਮਨ ਵਿਚਲੇ ਪੰਥਕ ਪਿਆਰ ਵਿਚ ਕੋਈ ਖੋਟ ਨਹੀਂ ਹੈ । ਲਿਖਣ ਵਿਚ ਜੇ ਕੋਈ ਗੁਸਤਾਖੀ ਹੋ ਗਈ ਹੋਵੇ ਤਾਂ ਅਣਜਾਣ ਅਤੇ ਮੂਰਖ ਜਾਣ ਕੇ ਖਿਮਾ ਕਰਨਾ । ਪਰ ਇਸ ਲਿਖਤ ਤੇ ਵਿਚਾਰ ਜ਼ਰੂਰ ਕਰਨੀ ਜੀ

{ਨੋਟ:-ਇਸ ਚਿੱਠੀ ਦਾ ਉਤਾਰਾ ਸ: ਹਰਦਿਆਲ ਸਿੰਘ ਜੌਹਲ ਪ੍ਰਧਾਨ ਖ਼ਾਲਸਾ ਦੀਵਾਨ ਸੁਸਾਇਟੀ ਦੀ ਸੇਵਾ ਵਿਖੇ ਭੇਜਿਆ ਜਾ ਰਿਹਾ ਹੈ ਜੀ}

ਗੁਰੂ ਪੰਥ ਦਾ ਦਾਸ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

ਵੈਨਕੂਵਰ (ਕੈਨੇਡਾ)

ਕੀ ਇਸ ਪੰਥ ਦੀ ਮਰਯਾਦਾ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਗਿਆਨ ਦੇ ਅਨੁਸਾਰ ਨਿਆਰੀ ਰੱਖਣ ਦੀ ਲੋੜ ਹੈ ਸੀ ਕਿ ਨਹੀਂ ?

ਜੇ ਉੱਤਰ ' **ਨਹੀਂ** ' ਵਿਚ ਹੈ ਤਾਂ ਦਾਸ ਆਪਣੇ ਲਿਖੇ ਸਭ ਕੁਝ ਨੂੰ ਵਾਪਸ ਲੈਣ ਲਈ ਏਸੇ ਪਲ ਤਿਆਰ ਹੈ। ਪਰ ਜੇ ਅਰੰਭ ਤੋਂ ਹੀ ਖ਼ਾਲਸਾ ਜੀ ਨੂੰ ਆਪਣੀ

ਉਸੇ ਨਿਆਰੀ ਨੁਹਾਰ ਨੂੰ ਕਾਇਮ ਰੱਖਣ ਦੀ ਪਾਬੰਦੀ ਸੀ ਜਿਹੜੀ ਨੁਹਾਰ ਪ੍ਰਥਮ ਸਰੂਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਦੇਣ ਹੈ, ਤਾਂ ਫਿਰ ਝੂਠ ਦਾ ਤਿਆਗ ਕਿਸ ਦਲੀਲ ਨਾਲ ਨਹੀਂ ਕੀਤਾ ਜਾ ਰਿਹਾ ?